# ਵਰਿਆਮ

ਸਤੰਬਰ ੧੯੮੯



**ਅਸੀਂ ਮਰਨ ਉਪਰੰਤ ਵੀ ਤੁਹਾਡੀ ਮਹਾਨ ਖੁਸ਼ੀ ਦੇ ਨਿੱਕੇ ਜਹੇ ਕਿਣਕੇ ਵਿਚ ਕਿਤੇ ਜੀਊਂਦੇ ਹੋਵਾਂਗੇ ਕਿਉਂਕਿ ਇਸ ਲਈ ਆਪਣੀਆਂ ਜਿੰਦਾਂ ਵਾਰੀਆਂ ਹਨ ।**

—ਜੂਲੀਅਸ ਫਿਊਚਕ
"ਫਾਂਸੀ ਤੇ ਤਖਤੇ ਤੋਂ"

(੧੫ ਸਤੰਬਰ, ਅਮ੍ਰਿਤਸਰ ਦੇ ਨਾਮਧਾਰੀ ਸਿੰਘਾਂ ਦਾ ਸ਼ਹੀਦੀ ਦਿਵਸ ਹੈ)

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

## ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

https://archive.org/details/namdhari

WITH BEST COMPLIMENTS FROM:

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA




Sri Satguru Jagjit Singh Ji eLibrary NamdhariElibrary@gmail.com

https://archive.org/details/namdhari



"ਯਾਦ ਸੱਜਣ ਦੀ ਭਿੱਤ ਖੜਕਾਇਆ ਕਿਹੜਾ ਅੰਦਰ ਕੋਈ ?
"ਜਾਂ ਤੂੰ ਆਪ ਸੱਜਣ ਦੀਏ ਯਾਦੇ ਜਾਂ ਜਿਹੜਾ ਦਰਦ ਦਿਤੋ ਈ"

(ਪ੍ਰੋ: ਮੋਹਣ ਸਿੰਘ)

(ਬੀਬੀ ਮਹਿੰਦਰ ਕੌਰ ਚਾਵਲਾ (੧੯੨੫-੧੯੮੫) ਦੀ ਚੌਥੀ ਬਰਸੀ ੧-੯-੮੯ ਤੇ ਚਾਵਲਾ ਪਰਿਵਾਰ ਵਲੋਂ)



Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਸਤੰਬਰ—੧੯੯੯ ਜਿਲਦ—੧੪ ਅੰਕ—੧੧

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill)
Jalandhar-144001


## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ਸਾਲ ਵਾਸਤੇ | | ੧੦੦.੦੦ ,, |
| ਪੰਜ ਸਾਲ ਵਾਸਤੇ | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦.੦੦ ,, |
| | ਸਮੁੰਦਰੀ | ੮੦.੦੦ ,, |
| ਅਰਬ ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦.੦੦ ,, |
| | ਸਮੁੰਦਰੀ | ੮੦.੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦.੦੦ ,, |
| | ਸਮੁੰਦਰੀ ਡਾਕ | ੮੦.੦੦ ,, |


Manufacturers of :
WOODEN & PLY PACKING CASES

PARTAP PACKERS

B-204, Mansrover Garden,
NEW DEHLI-110015.

SANT SPORTS

Manufacturers of :
HIGH QUALITY CRICKET BATS
& OTHER SPORTS ITEMS
Below Gumat, JAMMU TAWI-180001
(J & K)
Phone : 48820

FOR QUALITY CRICKET BATS AND
OTHER SPORTS GOODS

Jawahar Sports Industries

New Transport Yard,
JAMMU TAWI (J & K)

Sister Concern :
SEWAK BODY MAKER
Prop. : S. Kartar Singh Moharan

For All Kinds of Water Pumps,
Machinery Repair & Other Job Works

KHALSA
Engineering Works

Campus Sant Brothers,
Near Jewel Cinema, Below Gumat,
JAMMU-180001.
Phone : 48919




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਸੱਚੀ ਲਲਕਾਰ ਦੀ ਉਡੀਕ

੧੫ ਸਤੰਬਰ, ਅੰਮ੍ਰਿਤਸਰ ਵਿਚ ਨਾਮਧਾਰੀ ਸਿੰਘਾਂ ਦੀ ਸ਼ਹੀਦੀ ਵਾਲਾ ਦਿਵਸ ਹੈ। ਸੰਨ ੧੮੭੧ ਨੂੰ ਇਸੇ ਦਿਨ ਸ੍ਰੀ ਅੰਮ੍ਰਿਤਸਰ ਦੇ ਰਾਮ ਬਾਗ ਦੇ ਇਕ ਬੋਹੜ ਨਾਲ, ਸੰਤ ਲਹਿਣਾ ਸਿੰਘ, ਫਤਹਿ ਸਿੰਘ, ਹਾਕਮ ਸਿੰਘ ਅਤੇ ਬੀਹਲਾ ਸਿੰਘ ਨੂੰ ਆਮ ਲੋਕਾਂ ਦੇ ਸਾਹਮਣੇ ਫਾਂਸੀ ਦਿਤੀ ਗਈ। ਇਸ ਦਿਨ ਦੀ ਬਹੁਤ ਵਿਸ਼ੇਸ਼ ਮਹੱਤਤਾ ਹੈ ਅਤੇ ਇਸ ਸਾਰੇ ਸਾਕੇ ਵਿਚੋਂ ਬਹੁਤ ਉਚੇ ਆਚਰਣ ਦੀ ਮਿਸਾਲ ਮਿਲਦੀ ਹੈ। ਉਸ ਆਚਰਨ ਦੀ ਜਿਸ ਨਾਲ ਲੋਕਾਂ ਦੇ ਜੀਵਨ ਪਲਟਾ ਖਾਂਦੇ ਹਨ ਜਿਸ ਨਾਲ ਉਚੇ ਸੁਚੇ ਮਨੁਖ, ਭਾਈਚਾਰੇ ਅਤੇ ਕੌਮਾਂ ਜਨਮ ਲੈਂਦੀਆਂ ਹਨ।

ਗਲ ਕੇਵਲ ਇਹ ਨਹੀਂ ਕਿ ਕੁਝ ਨਾਮਧਾਰੀਆਂ ਨੇ ਗਊ ਘਾਤਕ ਬੁਚੜਾਂ ਨੂੰ ਕਤਲ ਕੀਤਾ ਅਤੇ ਇਹਨਾਂ ਨੂੰ ਫਾਂਸੀ ਦੀ ਸਜ਼ਾ ਹੋਈ ਸਗੋਂ ਇਸ ਪਿਛੇ ਛੁਪਿਆ ਹੋਇਆ ਬਹੁਤ ਡੂੰਘਾ ਸਬਕ ਹੈ।

ਭਾਰਤ ਵਿਚੋਂ ਸਭ ਤੋਂ ਅਖੀਰ ਤੇ, ਪੰਜਾਬ ਵਿਚ ਅੰਗਰੇਜ਼ੀ ਰਾਜ ਸਥਾਪਤ ਹੋਣ ਨਾਲ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਪੰਜਾਬੀਆਂ ਦਾ ਮਾਨ ਸਨਮਾਨ ਤੇ ਲੰਮਾ ਇਤਿਹਾਸਕ ਵਿਰਸਾ ਸਭ ਕੁਝ ਮਰ ਮੁੱਕ ਗਿਆ ਹੈ। ਉਸ ਵੇਲੇ ਲੁਧਿਆਣੇ ਦੇ ਇਕ ਨਿਕੇ ਪਿੰਡ ਭੈਣੀ ਵਿਚੋਂ ਸਤਿਗੁਰੂ ਰਾਮ ਸਿੰਘ ਦੀ ਲਲਕਾਰ ਨੇ ਸੁੱਤਿਆਂ ਲੋਕਾਂ ਨੂੰ ਹੁਲਾਰਾ ਦਿਤਾ। ਵੇਖਦਿਆਂ ਵੇਖਦਿਆਂ ਲੱਖਾਂ ਲੋਕ ਨਵੇਂ ਜੋਸ਼ ਨਾਲ ਖੋਲਣ ਲਗੇ।

ਜਦੋਂ ਤੋਂ ਬਾਹਰ ਦੇ ਹਮਲਾਵਰਾਂ ਨੇ ਭਾਰਤ ਉਤੇ ਕਬਜ਼ਾ ਕਰਨਾ ਸ਼ੁਰੂ ਕੀਤਾ ਸੀ ਉਦੋਂ ਤੋਂ ਹੀ ਗਊ ਹੱਤਿਆ ਗੁਲਾਮੀ ਦਾ ਚਿੰਨ੍ਹ ਬਣ ਚੁੱਕੀ ਸੀ। ਗਊ ਜੋ ਕਿ ਕਿਰਸਾਨੀ ਜੀਵਨ ਵਿਚ ਰੀੜ ਦੀ ਹੱਡੀ ਦਾ ਕੰਮ ਕਰਦੀ ਹੈ ਉਸ ਨੂੰ ਭਾਰਤ ਵਿਚ ਮਾਤਾ ਕਰਕੇ ਸਨਮਾਨਿਆ ਜਾਂਦਾ ਹੈ। ਜਿਸ ਇਲਾਕੇ ਵਿਚ ਬਦੇਸ਼ੀ ਰਾਜਸੱਤਾ ਕਾਇਮ ਹੁੰਦੀ ਰਹੀ ਉਥੇ ਗਊ ਹਤਿਆ ਵੀ ਹੁੰਦੀ ਰਹੀ। ਗਊ ਹਤਿਆ ਬੰਦ ਕਰਵਾ ਲੈਣਾ ਭਾਰਤ ਦੇ ਇਲਾਕਿਆਂ ਦੀ ਆਜ਼ਾਦੀ ਦੀ ਨਿਸ਼ਾਨੀ ਬਣ ਗਈ ਸੀ। ਜਿਸ ਥਾਂ ਗਊ ਹੱਤਿਆ ਰੁਕਵਾ ਲਈ ਜਾਂਦੀ ਉਹ ਇਲਾਕਾ ਬਦੇਸ਼ੀ ਤਾਕਤਾਂ ਤੋਂ ਮੁਕਤ ਸਮਝਿਆ ਜਾਂਦਾ ਸੀ। ਪੰਜਾਬੀਆਂ ਦੀ ਸਦੀਆਂ ਬਾਦ ਬਣੀ ਆਪਣੀ ਆਜ਼ਾਦ ਹਕੂਮਤ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵਿਦੇਸੀਆਂ ਨੂੰ ਵੀ ਗਊ ਹਤਿਆ ਦੀ ਮਨਾਹੀ ਸੀ ਅਤੇ ਗਊ ਮਾਰਨ ਦੀ ਸਜ਼ਾ ਮੌਤ ਹੀ ਸੀ।

ਜਦੋਂ ਅੰਗਰੇਜ਼ੀ ਸੱਤਾ ਪੰਜਾਬ ਵਿਚ ਕਾਇਮ ਹੋਈ ਤਾਂ ਸਿੱਖਾਂ ਦੇ ਗੜ੍ਹ ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਕੋਲ ਗਊਆਂ ਮਾਰਨ ਲਈ ਬੁਚੜਖਾਨਾ ਸਥਾਪਤ ਕਰਨਾ, ਅੰਗਰੇਜ਼ੀ ਰਾਜ ਵਲੋਂ ਸਿੱਖਾਂ ਦੀ ਆਨ ਸ਼ਾਨ ਨੂੰ ਅੰਤਮ ਰੂਪ ਵਿਚ ਖਤਮ ਕਰਨ ਦਾ ਹੀ ਇਕ ਕਦਮ ਸੀ।

ਹਰਿਮੰਦਰ ਦੀ ਘੋਰ ਬੇਅਦਬੀ ਨੂੰ ਨਾ ਸਹਾਰਦਿਆਂ, ਅੰਗਰੇਜ਼ੀ ਰਾਜਸੱਤਾ ਤੋਂ ਸਿੱਧਾ ਮੁਨਕਰ ਹੁੰਦਿਆਂ ਨਾਮਧਾਰੀ ਸਿੰਘਾਂ ਨੇ ਬੁਚੜਾਂ ਨੂੰ ਮਾਰ ਕੇ ਅੰਗਰੇਜ਼ੀ ਸਾਮਰਾਜ ਨੂੰ ਲਲਕਾਰਿਆ ਸੀ।

ਜਦੋਂ ਅੰਗਰੇਜ਼ੀ ਰਾਜ ਪਰਬੰਧ ਦੇ ਨਵੇਂ ਤੌਰ ਤਰੀਕਿਆਂ ਨੇ ਬੇਦੋਸੇ ਲੋਕਾਂ ਨੂੰ ਕੁੱਟ ਕੁੱਟ ਕੇ ਕਤਲ ਕਰਨ ਦਾ ਦੋਸ਼ ਮਨਵਾ ਕੇ ਅਦਾਲਤ ਸਾਹਮਣੇ ਪੇਸ਼ ਕਰ ਦਿਤਾ ਤਾਂ ਉਸ ਵੇਲੇ ਇਸ ਮੁਕਦਮੇ ਨੇ ਜੋ ਕਰਵਟ ਲਈ ਉਹ ਸਮੁੱਚੇ ਮਾਨਵੀ ਇਤਿਹਾਸ ਵਿਚ ਚਾਨਣ ਮੁਨਾਰਾ ਬਣ ਗਈ। ਉਹ ਇਹ ਗੱਲ ਸੀ ਕਿ ਬੁਚੜ ਕਤਲਾਂ ਦੇ ਦੋਸ਼ੀ ਨਾਮਧਾਰੀਆਂ ਨੇ ਅਦਾਲਤ ਵਿਚ ਖੁਦ ਪੇਸ਼ ਹੋ ਕੇ ਆਪਣਾ ਜੁਰਮ ਇਕਬਾਲ ਕੀਤਾ ਅਤੇ ਬੇਗੁਨਾਹਾਂ ਦੇ ਗਲ ਫਾਂਸੀਆਂ ਦੇ ਰਸੇ ਪੈਣ ਤੋਂ ਬਚਾਇਆ। ਇਤਿਹਾਸ ਦੀ ਇਸ ਆਪਣੇ ਵਰਗੀ ਸ਼ਾਇਦ ਇਕੋ ਇਕ ਮਿਸਾਲ ਪਿਛੇ ਗੁਰੂ ਰਾਮ ਸਿੰਘ ਜੀ ਦੀ ਪਰਮ ਪਵਿਤਰ ਸ਼ਖਸੀਅਤ ਸੀ। ਉਹਨਾਂ ਨੇ ਇਹਨਾਂ ਪੈਰੋਕਾਰਾਂ ਨੂੰ ਪ੍ਰੇਰਿਆ ਸੀ ਕਿ ਜਾਓ ਝਟਪਟ ਅੰਮ੍ਰਿਤਸਰ ਪਹੁੰਚ ਕੇ ਬੇਦੋਸ਼ਿਆਂ ਨੂੰ ਛੁਡਾਓ ਤੇ ਆਪਣੇ ਕਰਮ ਦਾ ਫਲ ਆਪ ਭੁਗਤੋ। ਆਪਣੀ ਮਿਹਨਤ ਦਾ ਫਲ ਆਪ ਖਾਓ। ਇਹ ਉੱਚੇ ਸੁੱਚੇ ਅਤੇ ਸੱਚੇ ਇਖਲਾਕ ਦੀ ਇਕ ਮਿਸਾਲ ਹੈ।

ਅੱਜ ਦੇ ਪ੍ਰਸੰਗ ਵਿਚ ਜਦੋਂ ਨਿਤ ਖੂਨ ਦੀਆਂ ਨਦੀਆਂ ਵਗ ਰਹੀਆਂ ਹਨ ਬੇਗੁਨਾਹੇ ਲੋਕ ਮਾਰੇ ਜਾ ਰਹੇ ਹਨ ਤਾਂ ਉਹ ਸੱਚ ਕਹਿਣ ਵਾਲੀ ਹਿੰਮਤ ਲੋਕਾਂ ਵਿਚੋਂ ਖਤਮ ਹੋ ਰਹੀ ਹੈ। ਅੱਜ ਧਰਮ ਅਤੇ ਰਾਜਨੀਤੀ ਨੂੰ ਵੱਖ ਕਹਿਣ ਵਾਲਿਆਂ ਅਤੇ ਇਕ ਕਹਿਣ ਵਾਲਿਆਂ ਨੇ ਇਕ ਗੱਲ ਸਾਂਝੀ ਰੱਖੀ ਹੈ। ਉਹ ਹੈ ਧਰਮ ਅਤੇ ਸਿਆਸਤ ਵਿਚੋਂ ਸੱਚ ਦੀ ਬੇਦਖਲੀ। ਫਲਸਰੂਪ ਕਿਸੇ ਵੀ ਸੰਸਥਾ ਸਮਾਜ ਪਦਵੀ ਜਾਂ ਵਿਅਕਤੀ ਤੇ ਆਸਥਾ ਖਤਮ ਹੋ ਗਈ ਹੈ। ਲੋੜ ਹੈ ਰਾਜਨੀਤੀ ਅਤੇ ਧਰਮ ਵਿਚ ਅਤੇ ਆਮ ਜੀਵਨ ਵਿਚ ਸੱਚ ਨੂੰ ਆਧਾਰ ਬਨਾਉਣ ਦੀ। ਉਸ ਸੱਚ ਦੇ ਬਾਣ ਨਾਲ ਗੁਰੂ ਰਾਮ ਸਿੰਘ ਜੀ ਨੇ ਦੁਨੀਆ ਦੀ ਸਭ ਤੋਂ ਵੱਡੀ ਰਾਜਸੱਤਾ ਨੂੰ ਵੰਗਾਰਿਆ ਸੀ, ਜੋ ਵੰਗਾਰ ਵਡੀਆਂ ਵਡੀਆਂ ਫੌਜੀ ਸ਼ਕਤੀਆਂ ਵੀ ਨਾ ਦੇ ਸਕੀਆਂ।

ਅੰਮ੍ਰਿਤਸਰ ਦੇ ਸ਼ਹੀਦਾਂ ਨੂੰ ਯਾਦ ਕਰਦੀ ਦੁਨੀਆ ਅੱਜ ਬੇਗੁਨਾਹਾਂ ਗਲੋਂ ਮੌਤ ਦਾਂ ਫੰਦਾ ਹਟਾਉਣ ਲਈ ਸਤਿ-ਗੁਰੂ ਰਾਮ ਸਿੰਘ ਜਿਹੀ ਸੱਚੀ ਸੁੱਚੀ ਲਲਕਾਰ ਉਡੀਕ ਰਹੀ ਹੈ।

—ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਬੀਬੀ ਮਹਿੰਦਰ ਕੌਰ ਤੇ ਸੇਠ ਤਰਲੋਕ ਸਿੰਘ
ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ

---

ਜਦੋਂ ਵੀ ਸੇਠ ਤਰਲੋਕ ਸਿੰਘ ਤੇ ਬੀਬੀ ਮਹਿੰਦਰ ਕੌਰ ਦੀ ਤਸਵੀਰ ਛਾਪਣ ਲਈ ਸੋਚਦਾ ਹਾਂ ਤਾਂ ਪਤਾ ਨਹੀਂ ਕਿਉਂ ਰਵਾਇਤੀ ਦੋਹਾਂ ਜੀਆਂ ਦੀ ਤਸਵੀਰ ਦੀ ਥਾਂ ਉਪਰੋਕਤ ਤਸਵੀਰ ਹੀ ਮੈਨੂੰ ਜੱਚਦੀ ਹੈ। ਕਦੇ ਸੁਣਦੇ ਹੁੰਦੇ ਸਾਂ "ਰੱਬ ਵਸ ਭਗਤਾਂ ਨੇ ਕੀਤਾਂ ਪ੍ਰੇਮ ਦੀਆਂ ਪਾ ਡੋਰੀਆਂ"। ਜੇ ਅਤਿ ਕਥਨੀ ਨਾ ਮੰਨੀ ਜਾਵੇ ਤਾਂ ਮੈਨੂੰ ਤਾਂ ਇਹ ਹੀ ਪ੍ਰਤੀਤ ਹੁੰਦਾ ਹੈ ਕਿ ਇਸ ਜੋੜੀ ਨੇ ਆਪਣੇ ਇਸ਼ਟ ਦੇਣ ਨੂੰ ਵਸ ਵਿਚ ਕੀਤਾ ਹੋਇਆ ਸੀ। ਸੇਠ ਤਰਲੋਕ ਸਿੰਘ ਦਾ ਕਥਨ "ਇਹ ਘਰ ਮੇਰਾ ਨਹੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੈ" ਕੇਵਲ ਕਹਿਣ ਮਾਤਰ ਹੀ ਨਹੀਂ ਸੀ ਉਹਨਾਂ ਅਮਲ ਵਿਚ ਕਰ ਦਿਖਾਇਆ। ਇਸ ਜੋੜੀ ਨੇ ਕਿਹੜਾ ਔਖੇ ਤੋਂ ਔਖਾ ਇਮਤਿਹਾਨ ਹੈ ਜੋ ਪਾਸ ਨਾ ਕੀਤਾ ਹੋਵੇ। ਇਥੋਂ ਤਕ ਕਰ ਵਿਖਾਇਆ ਕਿ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ। ਬੀਬੀ ਮਹਿੰਦਰ ਕੌਰ ਜੇਹੀ ਸੁਭਾਗ ਵਿਅਕਤੀ ਜਿਸ ਨੂੰ ਮਾਤਾ ਮਹੰਤ ਕੌਰ ਵਰਗੀ ਮਾਂ ਨਸੀਬ ਹੋਈ ਹੋਵੇ ਤੇ ਸੰਤ ਖਜ਼ਾਨ ਸਿੰਘ ਇਨਸਾਫ ਜਿਹਾ ਗੁਣਵਾਨ ਸਮਰਥਾਵਾਨ ਅਤੇ ਕਵੀ ਪਿਤਾ ਮਿਲਿਆ ਹੋਵੇ ਸੇਠ ਫੂਲਾ ਸਿੰਘ ਜੇਹਾ ਹਾਤਮ ਸਹੁਰਾ ਅਤੇ ਮਾਤਾ ਦਿਆਲ ਕੌਰ ਜੇਹੀ ਕਿਰਪਾਲੂ ਸੱਸ, ਤੇ ਫੇਰ ਇਸ ਦੇ ਨਾਲ ਉਹ ਆਪਣੇ ਪਤੀ ਸੰਗ ਦੋ ਮਹਾਨ ਸਤਿਗੁਰੂ ਪੁਰਖਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦੀ ਭਰਪੂਰ ਗੰਗਾ ਪ੍ਰਾਪਤ ਹੋਵੇ ਐਸਾ ਵਿਅਕਤੀ ਹੋਰ ਕੌਣ ਹੋ ਸਕਦਾ ਹੈ। ਹੈਰਾਨ ਹੋਈਦਾ ਹੈ ਕਿ ਐਸੇ ਇਨਸਾਨ ਵੀ ਇਸ ਦੁਨੀਆਂ ਵਿਕ ਰਹੇ ਹਨ!

ਕੁਛ ਔਰ ਦਬ ਕੇ ਅਬ ਤੋਂ ਹਮ ਲੋਗ ਦੇਖਤੇ ਹੈਂ
ਪਹਿਲੇ ਜੋ ਐਹ 'ਜ਼ਫਰ' ਥੇ ਇਨਸਾਨ ਵੋਹ ਕਹਾਂ ਹੈਂ

ਐਸੇ ਇਨਸਾਨ ਨੂੰ ਸ਼ਰਧਾ ਪੁਸ਼ਪ ਭੇਟ ਹਨ।

—ਜਗਦੀਸ਼ ਸਿੰਘ


Sri Satguru Jagjit Singh Ji eLibrary NamdhariElibrary@gmail.com

# ਫੇਰ ਪਾਰੋ ਨੇ ਕਿਹਾ

—ਬਾਵਾ ਬਲਵੰਤ

ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ,
ਜਾਗ ਜੀਵਨ ਦੀ ਕਲਾ ਦੇ ਇੰਤਕਾਮ !
ਕਰ ਲਿਆ ਤੂੰ ਆਤਮਾ ਦੀ ਗੋਦ ਵਿਚ ਕਾਫ਼ੀ ਅਰਾਮ,
ਖ਼ੂਨ ਦੀ ਹਰਕਤ 'ਚ ਕਿਧਰੇ ਬੈਠ ਨਾ ਜਾਏ ਹਰਾਮ।
ਔਣ ਵਾਲੀ ਏ ਤੇਰੇ ਪਰਬਤ ਤੇ ਸ਼ਾਮ
ਦੁਸ਼ਮਨਾਂ ਦੇ ਝੰਡਿਆਂ ਦੀ, ਨੇਜ਼ਿਆਂ ਦੀ, ਫ਼ੌਜ ਦੀ;
ਆ ਰਹੀ ਏ ਇਕ ਗ਼ੁਲਾਮੀ ਦੀ ਭਿਆਨਕ ਕਾਲੀ ਰਾਤ,
ਜਾਗ ਮੇਰੇ ਸੋਮਨਾਥ !

ਹੋ ਰਿਹਾ ਸਾਗਰ ਤੇ ਕਬਜ਼ਾ ਲਾਲਚੀ ਤੂਫ਼ਾਨ ਦਾ,
ਕੌਮ ਨੂੰ ਖ਼ਤਰਾ ਏ ਅਪਣੀ ਜਾਨ ਦਾ,
ਚਮਕ ਉੱਠ ਹੇ ਰੌਸ਼ਨੀ ਕੱਲਿਆਣ ਦੀ,
ਜੋਸ਼ ਖਾ, ਹੇ ਜ਼ਿੰਦਗਾਨੀ ਦੇ ਲਹੂ,
ਜਗ ਰੂਹ।

ਤੇਰੇ ਜਾਗਣ ਤੇ ਹੈ ਗੰਗਾ ਨੂੰ ਖ਼ੁਸ਼ੀ,
ਹੈ ਮਦਾਨਾਂ ਦੀ ਬਹਾਰ ਅਪਣੀ ਬਹਾਰ
ਜਾਗ ਹੇ ਸਾਵੰਤ ਯੋਧੇ, ਜੋੜਕਾਰ !
ਇਹ ਤੇਰੀ ਭਗਤੀ ਹੈ ਕੀ ? ਕਿਸ ਦੇ ਲਈ ?
ਇਹ ਤਪੱਸਿਆਂ ਕਿਸ ਦੀ ਮੁਕਤੀ ਦੇ ਲਈ ?
ਤੜਪਦੇ ਨੇ ਦਿਲ ਤੇਰੀ ਆਵਾਜ਼ ਨੂੰ,
ਖੋਲ੍ਹ ਦੇ ਉਠ ਮੁਕਤੀਆਂ ਦੇ ਰਾਜ਼ ਨੂੰ।
ਖ਼ੁਦ-ਪਰੱਸਤੀ ਏ ਕੋਈ ਭਗਤੀ ਨਹੀਂ,
ਇਸ ਦੀ ਕੁਝ ਸ਼ਕਤੀ ਨਹੀਂ।
ਤੇਰੀਆਂ ਕਾਨਾਂ ਦਾ ਸੋਨਾ ਢਾਲ ਕੇ
ਗ਼ੈਰ ਪੀਵਣਗੇ ਸ਼ਰਾਬ,
ਤੇਰਿਆਂ ਸਿੱਪਾਂ ਦੇ ਮੋਤੀ ਪੈਣਗੇ ਦੁਸ਼ਮਣ ਦੇ ਗਲ,
ਤਾਜ਼ਾ ਮਿਹਨਤ ਦਾ ਲਹੂ
ਪੀ ਲਿਆ ਜਾਵੇਗਾ ਪਾਣੀ ਸਮਝ ਕੇ।
ਜਾਣ ! ਇਸ ਵੇਲੇ ਤਿਰੀ ਭਗਤੀ ਹੈ ਕੀ ?
ਜਾਗ੍ਰਤ, ਜਾਂ ਬਰਫ਼ ਦੀ ਬਾਰਾਦਰੀ ?
ਨਰਕ ਹੋ ਜਾਏਗਾ ਇਹ ਤੇਰਾ ਬਹਿਸ਼ਤ,
ਗ਼ੈਬ ਹੋ ਜਾਏਗੀ ਖੰਭਾਂ 'ਚੋਂ ਉਡਾਰ,
ਮੌਤ ਹੋ ਜਾਏਗੀ ਤੇਰੀ ਜੀਭ ਦੀ,
ਬਰਫ਼ ਹੋ ਜਾਵਣਗੇ ਸਭ ਤੇਰੇ ਖ਼ਿਆਲ
ਗ਼ਰਕ ਜਾਵੇਗੀ ਹਿਮਾਲਾ ਦੀ ਬਲੰਦੀ ਐਬ ਵਿਚ,
ਸਬਜ਼ਿਆਂ ਦਾ ਜ਼ਰਦ ਹੋ ਜਾਵੇਗਾ ਰੰਗ;
ਆਦਮੀ ਦਾ ਜੀਣਾ ਹੋਵੇਗਾ ਮੁਹਾਲ।
ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ,
ਜਾਗ ਜੀਵਨ ਦੀ ਕਲਾ ਦੇ ਇੰਤਕਾਮ !

ਹੋ ਗਿਆ 'ਨੱਚਦੀ ਸਚਾਈ' ਦਾ ਅਸਰ,
ਅੱਖ ਨਟ-ਨਾਇਕ ਦੀ ਖੁਲ੍ਹੀ ਤੀਸਰੀ,
ਤੀਸਰੀ ਮੱਥੇ ਦੀ ਅੱਖ।
ਸੂਝ ਦੀ ਜੋਤੀ ਦੇ ਨੈਣ
ਜਾਗ ਉੱਠੀ ਬੁਧ, ਮਾਨਵਤਾ ਦੀ ਰੂਹ।

ਅੱਖ ਜਦ ਖੁਲ੍ਹ ਜਾਏ ਇਹ
ਦੇਖਦੀ ਏ ਹਰ ਲੁਕੇ ਜੀਵਨ ਦੀ ਕਾਰ,
ਚਿਹਰਿਆਂ ਤੋਂ ਸਭ ਦਾ ਪੜ੍ਹ ਸਕਦੀ ਏ ਦਿਲ।
ਇਸ ਨੂੰ ਹੈ ਮਾਲੂਮ 'ਹੋਣੀ' ਦਾ ਜਵਾਬ।
ਅੱਖ ਜਦ ਹੈਵਾਨ ਦੀ ਖੁਲ੍ਹ ਜਾਏ ਇਹ
ਉਹ ਵੀ ਬਣ ਜਾਂਦਾ ਏ ਕਾਮਲ ਆਦਮੀ;
ਆਦਮੀ ਬਣਦਾ ਏ ਇਸ ਤੋਂ ਦੇਵਤਾ;
ਹਰ ਨਦੀ ਸਾਗਰ ਬਣੇ;
ਖੰਭ ਲਾ ਕੇ ਉੱਡ ਸਕਦਾ ਏ ਪਹਾੜ
ਹਾਥੀਆਂ ਦੀ ਸੁਸਤ ਚਾਲ
ਬਾਜ਼ ਦੀ ਬਣ ਜਾਏ ਅੰਬਰ-ਛੋਹ ਉਡਾਰ;
ਅੱਖ ਇਹ ਖੁਲ੍ਹੇ ਜਵਾਨਾਂ ਦੀ ਜਦੋਂ
ਪਸਤੀਆਂ ਦੇ ਫ਼ਰਸ਼ ਤੇ ਆਏ ਭੁਚਾਲ;
ਜਿਸਮ ਦੇ ਜਵਾਲਾਮੁਖੀ 'ਚੋਂ ਖ਼ੂਨ ਦਾ ਲਾਵਾ ਵਗੇ,
ਉਲਟ ਕੇ ਰੱਖ ਦੇਵੇ ਉਹ ਭੂਮੀ ਦੀ ਸਫ਼
ਜਿਸ ਦੀ ਖੁਲ੍ਹ ਜਾਂਦੀ ਏ ਅੱਖ,
ਤੀਸਰੀ ਮੱਥੇ ਦੀ ਅੱਖ।

ਅੱਖ ਜਦ ਸ਼ੰਕਰ ਦੀ ਖੁਲ੍ਹੀ ਤੀਸਰੀ
ਬਿਜਲੀਆਂ ਦੇ ਜੋਸ਼ ਦਾ ਆਇਆ ਤੂਫ਼ਾਨ;
ਸੜ ਗਿਆ ਆਲੇ ਦੁਆਲੇ ਦਾ ਅੰਧੇਰ,
ਕਾਮਨਾ ਦੀ ਸੜ ਗਈ ਦੁਨੀਆ ਅਲੋਪ,
ਖ਼ੁਦਪਰੱਸਤੀ ਹੋ ਗਈ ਸਾਰੀ ਸਵਾਹ,



Sri Satguru Jagjit Singh Ji eLibrary NamdhariElibrary@gmail.com

ਹੋ ਗਈ ਅਗਲੇ ਸੁਖਾਂ ਦੇ ਵਹਿਮ ਦੀ ਹਸਤੀ ਤਬਾਹ।
ਹੋ ਗਈ ਭਗਤੀ ਜਦੋਂ ਲੋਕਾਂ ਲਈ,
ਕੌਮ ਦੀ ਮਿਹਨਤ ਦੇ ਜਾਗ ਉੱਠੇ ਨਸੀਬ।

ਜੋਸ਼ ਖਾ ਕੇ ਉੱਠਿਆ ਹੋਣੀ-ਕੁਮਾਰ,
ਪੁੱਟਿਆ ਤਿਰਸ਼ੂਲ ਗ਼ਾਫ਼ਲ ਬਰਫ਼ 'ਚੋਂ—
ਪਲ ਦੀ ਪਲ ਸੰਸਾਰ ਤੇ ਆਇਆ ਭੂਚਾਲ—
ਜੋਸ਼ ਖਾ ਕੇ ਮਾਰਿਆ ਤਿਰਸੂਲ ਇੱਕ,
ਹਿਮ ਦੀ ਸੁਸਤੀ 'ਚ ਜਾਗੀ ਜ਼ਿੰਦਗੀ,
ਬਰਫ਼ ਅੰਦਰ ਦੌੜੀਆਂ ਤਿੰਨ ਬਿਜਲੀਆਂ
ਇਕ 'ਸੁਰਸੱਤੀ', ਇਕ 'ਇਲਾ' ਤੇ ਇਕ 'ਨਈ';
ਲੋਕ ਸੇਵਾ, ਵਿਦਿਆ, ਤਾਕਤ ਮਹਾਨ;
ਖਿੱਚਣੀ ਤਲਵਾਰ ਹੱਕ ਦੇ ਵਾਸਤੇ,
ਚੁੱਕਣਾ ਖ਼ੰਜਰ ਸ਼ੈਤਾਨਾਂ ਦੇ ਲਈ
ਜਾਂ ਸ਼ੈਤਾਨੀ ਹਮਲਿਆਂ ਦੀ ਰੋਕ ਨੂੰ,
ਕਿਰਤ ਆਪਣੀ ਦਾ ਸਦਾ ਕਰਨਾ ਬਚਾ,
ਰੋਕ ਜ਼ਾਲਮ ਦੀ ਸਦਾ,
ਹੈ ਅਸਲ ਇਨਸਾਫ਼ ਇਹੀ

ਫੇਰ ਸ਼ਿਵ ਨੇ ਆਪ ਪਾਰੋ ਨੂੰ ਕਿਹਾ;
ਤੂੰ ਜਗਾਇਆ ਮੈਨੂੰ ਕਾਲੇ ਸੁਪਨ ਤੋਂ,
ਅਸਲੀਅਤ ਦਾ ਤੂੰ ਵਿਖਾਇਆ ਅੱਜ ਰਾਹ;
ਔਰਤ ਇਕ ਔਰਤ ਵੀ ਏ, ਸ਼ਕਤੀ ਵੀ ਏ,
ਜਗਤ ਕੱਲਿਆਣੀ ਵੀ ਏ।
ਇਸ ਦਾ ਇੱਕ ਬੱਚਾ ਬਣਾ ਸਕਦਾ ਏ ਦੋਜ਼ਖ ਨੂੰ
ਬਹਿਸ਼ਤ,
ਮੌਤ ਨੂੰ ਇੱਕ ਜ਼ਿੰਦਗੀ;
ਸਾਰੀ ਕੁਦਰਤ ਨੂੰ ਬਣਾ ਸਕਦਾ ਹੈ
ਉਹ ਆਪਣਾ ਗੁਲਾਮ!
ਖੇਤ ਮੇਰੇ ਹੋ ਨਹੀਂ ਸਕਦੇ ਅਧੀਨ,
ਦੇਸ਼ ਮੇਰਾ ਹੋ ਨਹੀਂ ਸਕਦਾ ਗੁਲਾਮ;
ਮੇਰੀ ਮਿਹਨਤ, ਮੇਰੇ ਸਾਗਰ ਤੇ ਕੋਈ
ਗ਼ੈਰ ਕਰ ਸਕਦਾ ਨਹੀਂ ਕਬਜ਼ਾ ਕਦੀ,
ਅੱਖ ਜੇ ਖੁਲ੍ਹੀ ਰਹੇਗੀ ਤੀਸਰੀ
ਤੀਸਰੀ ਮੱਥੇ ਦੀ ਅੱਖ।

ਮਿੰਨੀ ਕਹਾਣੀ

## ਬੁਢਾ ਤੇ ਪੰਜ ਪੁਤਰ

ਉਹ ਬੁਢ਼ਾ ਆਪਣੇ ਪੰਜਾਂ ਮੁੰਡਿਆਂ ਤੋਂ ਡਾਹਡਾ ਪ੍ਰੇਸ਼ਾਨ ਸੀ। ਹਰ ਵਕਤ ਲੜਦੇ ਰਹਿਣਾ, ਕਿਸੇ ਦੀ ਧੀ ਭੈਣ ਦੀ ਇਜ਼ਤ ਨਾ ਦੇਖਣੀ, ਸ਼ਰਾਬ ਦੇ ਨਸ਼ੇ ਵਿਚ ਡੁੱਬੇ ਰਹਿਣਾ, ਢੇਰ ਸਾਰਾ ਝੂਠ ਬੋਲਣਾ ਗਲ ਕਿ ਹਰ ਭੈੜ ਜਿਵੇਂ ਉਹਨਾਂ ਨੇ ਵਿਰਸੇ ਵਿਚ ਲੈ ਲਈ ਹੋਵੇ।

ਇਕ ਦਿਨ ਉਹ ਬੁੱਢਾ ਅੰਤਮ ਸਾਹਾਂ ਤੇ ਆ ਗਿਆ। ਪੁਤਰਾਂ ਕੋਲੋਂ ਦੁਖੀ ਹੋਇਆ ਇਕੱਠੇ ਕਰਕੇ ਕਹਿਣ ਲਗਾ।

"ਪੁਤਰੋ ਜਾਓ ਇਕ ਇਕ ਸੋਟੀ ਲਿਆਓ?"

"ਨਹੀਂ ਲਿਆਉਂਦੇ ਬਾਪੂ ਤੂੰ ਸਾਨੂੰ ਪਹਿਲਾਂ ਇਕਲੇ-ਇਕਲੇ ਨੂੰ ਤੋੜਨ ਲਈ ਕਹਿਣਾ, ਫਿਰ ਇਕਠੀਆਂ ਕਰਕੇ, ਅਸੀਂ ਨਹੀਂ ਤੇਰੀ ਚਾਲ ਵਿਚ ਫਸਣਾ?"

ਬੁਢੇ ਤੇ ਜਿਵੇਂ ਕਿਸੇ ਨੇ ਪੱਥਰ ਸੁਟ ਦਿਤਾ ਹੋਵੇ। ਉਹ ਸਮਝ ਗਿਆ ਸੀ ਕਿ ਮੁੰਡਿਆਂ ਨੇ ਹੁਣ ਨਹੀਂ ਮੰਨਣਾ। ਕਈ ਚਿਰ ਸੋਚ ਕੇ ਅੱਖਾਂ ਵਿਚੋਂ ਅਥਰੂ ਕੇਰਦਾ ਉਹ ਜੇਬ ਵਿਚੋਂ ਪੰਜ ਫਾਰਮ ਕਢਦਾ ਹੋਇਆ ਆਪਣੇ ਪੁਤਰਾਂ ਨੂੰ ਕਹਿਣ ਲਗਾ।

"ਅੱਛਾ! ਚਲੋ ਪੁਤਰੋ ਜੇ ਨਹੀਂ ਮੰਨਣਾ ਤਾਂ ਐਦਾਂ ਕਰੋ ਆਹ ਫਾਰਮ ਇਕਲੇ-ਇਕਲੇ ਭਰ ਕੇ ਆਉਂਦੀਆਂ ਵੋਟਾਂ ਵਿਚ ਖੜੇ ਹੋ ਜਾਓ" ਤੇ ਉਸ ਤੋਂ ਬਾਅਦ ਬੁੱਢੇ ਨੇ ਪ੍ਰਾਣ ਤਿਆਗ ਦਿਤੇ।

ਮੁੰਡਿਆਂ ਨੇ ਫਾਰਮ ਫੜੇ ਤੇ ਖੁਸ਼ੀ-ਖੁਸ਼ੀ ਭਰਨੇ ਸ਼ੁਰੂ ਕਰ ਦਿਤੇ।

ਦਵਿੰਦਰ ਮੰਡ
ਪਿੰਡ ਤੇ ਡਾਕਖਾਨਾ ਮੰਡ
ਜਲੰਧਰ

## ਵਰਿਆਮ ਦੇ ਨਵੇਂ ਜੀਵਨ ਮੈਂਬਰ

**ਸ. ਗੁਰਮੁਖ ਸਿੰਘ**
'ਫੁਲਕਾਰੀ' ਪੰਜਾਬ ਸਰਕਾਰ ਇੰਪੋਰੀਅਮ,
ਜੀ. ਟੀ. ਰੋਡ, ਜਲੰਧਰ।

**ਸ. ਗੁਰਬਖਸ਼ ਸਿੰਘ**
G-26, ਫਸਟ ਫ਼ਲੋਰ, ਮਾਨਸਰੋਵਰ ਗਾਰਡਨ,
ਨਵੀ ਦਿਲੀ-੧੧੦੦੧੫

**ਸੰਤ ਮੰਗਲ ਸਿੰਘ ਪ੍ਰਧਾਨ ਨਾਮਧਾਰੀ ਸੰਗਤ**
੩੩੭੦/੧੯-ਡੀ, ਚੰਡੀਗੜ੍ਹ, ।



Sri Satguru Jagjit Singh Ji eLibrary NamdhariElibrary@gmail.com

# ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ

ਇਸ ਲੇਖ ਦੀ ਲੇਖਕਾਂ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਬੇਅੰਤ ਕੌਰ ਹਨ।

ਇਸ ਸਕੂਲ ਦੀ ਪ੍ਰਫੁਲਤਾ ਵਿਚ ਜਿਨ੍ਹਾਂ ਸ਼ਖਸੀਅਤਾਂ ਨੇ ਯੋਗਦਾਨ ਪਾਇਆ ਹੈ ਉਹਨਾਂ ਦਾ ਜ਼ਿਕਰ ਤਾਂ ਬੀਬੀ ਜੀ ਨੇ ਕੀਤਾ ਹੀ ਹੈ ਪਰ ਇਕ ਅਹਿਮ ਹਸਤੀ ਜਿਹੜੀ ਸਕੂਲ ਦੀ ਅਕਾਦਮਿਕ ਅਤੇ ਪਰਬੰਧਕੀ ਤਰੱਕੀ ਦੀ ਜ਼ਿਮੇਵਾਰ ਹੈ ਉਸ ਦਾ ਜ਼ਿਕਰ ਉਹ ਨਹੀਂ ਕਰ ਸਕਦੇ ਸਨ। ਇਹ ਹਸਤੀ ਉਹ ਆਪ ਹਨ। ਉਹਨਾਂ ਦੀ ਲਗਨ, ਮਿਹਨਤ ਅਤੇ ਕੰਮ ਕਰਨ ਦੀ ਯੋਗਤਾ ਸਦਕਾ ਇਹ ਸਕੂਲ ਦੇਸ਼ ਦੇ ਪ੍ਰਮੁਖ ਸਿਖਿਆ ਕੇਂਦਰਾਂ ਵਿਚ ਆ ਗਿਆ ਹੈ। ਸਕੂਲ ਵਿਚ ਮਰਿਆਦਾ, ਸਫਾਈ ਤੇ ਸਵਛਤਾ, ਅਨੁਸ਼ਾਸਨ, ਐਲ. ਕੇ. ਜੀ. ਤੋਂ ਲੈ ਕੇ ਉਪਰ ਤਕ ਵਖ ਵਖ ਸ਼ਰੇਣੀਆਂ ਦੀ ਵਧੀਆ ਪੜ੍ਹਾਈ, ਸਾਇੰਸ ਲੇਬਾਰਟਰੀ, ਕੋਮਲ ਕਲਾਵਾਂ ਦੀਆਂ ਕਲਾਸਾਂ, ਪ੍ਰਭਾਵਸ਼ਾਲੀ ਸੰਗੀਤ ਵਿਭਾਗ, ਸਾਫ ਸੁਥਰੀ ਕੰਟੀਨ, ਇਨਾਮਾਂ ਅਤੇ ਟਰਾਫੀਆਂ ਦੇ ਭਰੇ ਭੰਡਾਰ ਸੰਪਾਦਕ ਵਰਿਆਮ ਨੇ ਅਖੀਂ ਵੇਖੇ ਹਨ। ਬਹੁਤ ਥੋਹੜੇ ਸਮੇਂ ਵਿਚ ਇਹ ਸਕੂਲ ਦੂਜਿਆਂ ਲਈ ਮਿਸਾਲ ਬਣ ਗਿਆ ਹੈ।

ਸਾਡੀ ਕਾਮਨਾ ਹੈ ਕਿ ਮਲੇਰਕੋਟਲੇ ਦੇ ਸ਼ਹੀਦ ਬਾਲਕ ਦੀ ਸਿਮ੍ਰਤੀ ਵਿਚ ਕਾਇਮ ਕੀਤਾ ਗਿਆ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਸਿਖਿਆ ਅਤੇ ਵਿਦਿਆ ਦੇ ਖੇਤਰ ਵਿਚ ਚਾਨਣ ਮੁਨਾਰਾ ਬਣਿਆ ਰਹੇ।

—ਜਗਦੀਸ਼ ਸਿੰਘ



ਪ੍ਰਭਜੋਤ ਕੌਰ
ਪਹਿਲਾ ਸਥਾਨ
ਪੱਜ ਵਿਸ਼ਿਆਂ ਵਿਚ
ਡਿਸਟਿੰਕਸ਼ਨ



ਭਗਵੰਤ ਸਿੰਘ
ਤਿੰਨ ਵਿਸ਼ਿਆਂ ਵਿਚ
ਡਿਸਟਿੰਕਸ਼ਨ

ਵਿਦਿਆ ਰੂਪੀ ਸੁਗੰਧ ਮਈ ਰੁਖ ਜਿਸ ਦਾ ਬੀਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਵਿਤਰ ਹਸਤ-ਕੰਵਲਾਂ ਨਾਲ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਬੀਜਿਆ ਸੀ, ਉਸਦਾ ਜੋਬਨ ਆਪਣੇ ਚਰਮ ਸਿਖਰਾਂ ਨੂੰ ਛੋਹ ਰਿਹਾ ਹੈ, ਉਸਦੀਆਂ ਟਹਿਣੀਆਂ ਦੀ ਮਹਿਕ ਦੂਰ-ਦੂਰ ਤਕ ਫੈਲ ਰਹੀ ਹੈ। ਸਕੂਲ ਪ੍ਰਗਤੀ ਦੇ ਪੱਥ ਤੇ ਅਗ੍ਰਸਰ ਹੈ। ਇਹ ਸਭ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ਾਂ ਤੇ ਨਾਮਧਾਰੀ ਸਾਧ ਸੰਗਤ ਦੇ ਸਹਿਯੋਗ ਸਦਕਾ ਹੀ ਹੈ। ਅਜ ਦੇ ਆਧੁਨਿਕ ਯੁਗ ਵਿਚ ਬਚੇ ਦੀ ਪੜ੍ਹਾਈ ਦੇ ਨਾਲ ਨਾਲ ਉਸਦੀ ਬਹੁਪੱਖੀ ਪ੍ਰਤਿਭਾ ਨੂੰ ਵਿਕਸਿਤ ਕਰਨ ਲਈ ਕਈ ਸਾਧਨ ਜੁਟਾਨ ਦੀ ਲੋੜ ਹੈ ਤੇ ਇਸ ਤੋਂ ਵੀ ਉਪਰ ਵਿਦਿਆਰਥੀ ਦੇ ਮਾਨਸਿਕ ਵਿਕਾਸ ਦੇ ਨਾਲ ਨਾਲ ਅਧਿਆਤਮਕ ਸਿਖਿਆ ਦੀ ਅਤਿ-ਅੰਤ ਅਵਸ਼ਕਤਾ ਹੈ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਬਹੁਪੱਖੀ ਪ੍ਰਤਿਭਾ ਦੇ ਵਿਕਾਸ ਨੂੰ ਧਿਆਨ ਵਿਚ ਰਖ ਕੇ ਵਿਦਿਆ ਪ੍ਰਦਾਨ ਕੀਤੀ ਜਾਂਦੀ ਹੈ। ਨਿਤਨੇਮ ਕਿਵੇਂ ਕਰਨਾ ਹੈ, ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਿਸ ਤਰ੍ਹਾਂ ਕਰਨਾ ਹੈ, ਆਪਣੇ ਬਜ਼ੁਰਗ ਸਤਿਗੁਰੂ ਜੀ ਤੇ ਸੰਤਾਂ ਦੀਆਂ ਜੀਵਨੀਆਂ ਬਾਰੇ ਗਿਆਨ ਪ੍ਰਾਪਤ ਕਰਕੇ, ਉਜਲ, ਸਫੈਦ, ਸਤਿਗੁਰੂ ਵਾਲਾ ਸਤਿਜੁਗੀ ਬਾਣਾ ਪਹਿਨਕੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਾ ਵਿਦਿਆਰਥੀ ਸਤਿਗੁਰੂ ਜੀ ਦੇ ਚਰਨ-ਕੰਵਲਾਂ ਦਾ ਸੇਵਕ ਬਣ ਜਾਂਦਾ ਹੈ। ਅਨੇਕ ਤਰ੍ਹਾਂ ਦੀਆਂ ਖੇਡਾਂ, ਲੇਖ, ਭਾਸ਼ਣ, ਕਵਿਤਾਵਾਂ, ਪੇਂਟਿੰਗ, ਸ਼ਬਦ-ਗਾਇਨ ਗੁਰਬਾਣੀ ਦੇ ਪਾਠ ਪ੍ਰਤੀਯੋਗਤਾਵਾਂ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕਰਕੇ ਕਿਸੇ ਵੀ ਸਕੂਲ ਦੇ ਵਿਦਿਆਰਥੀਆਂ ਤੋਂ ਪਿਛੇ ਨਹੀਂ ਹੈ।

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਨੇ ਪਿਛਲੇ ਸਾਲਾਂ ਵਿਚ ਹਰ ਖੇਤਰ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਤੇ ਇਸ ਵਾਰੀ ੨੬ ਜਨਵਰੀ ੧੯੯੯ ਦਾ ਗਣਤੰਤਰ ਦਿਵਸ ਇਸ ਸਕੂਲ ਵਾਸਤੇ ਵਿਸ਼ੇਸ਼ ਮਹੱਤਤਾ ਦਾ ਦਿਵਸ ਹੈ, ਕਿਉਂਕਿ ਇਸ ਵਾਰੀ ਗਣਤੰਤਰ ਦਿਵਸ ਦੀ ਪਰੇਡ ਵਿਚ ਅੱਠ ਸਾਲ ਦੀ ਉਮਰ ਦੇ ਬਚਿਆਂ ਤੋਂ ਲੈ ਕੇ ਪੰਦਰਾਂ ਸਾਲ ਦੀ ਆਯੂ ਦੇ ਬਚਿਆਂ ਨੇ ਹਿਸਾ ਲਿਆ। ਆਪਣੇ ਪਿਆਰੇ ਸਤਿਗੁਰੂ ਜੀ ਦੀ ਓਟ ਲੈ ਕੇ, ਸ਼ਹੀਦਾਂ ਦਾ ਪਹਿਰਾ ਲੈ ਕੇ, ਨਿਸਚੈ ਕਰਿ ਆਪਣੀ ਜੀਤ ਕਰੋ ਨੂੰ ਮਨ ਵਿਚ ਧਾਰਨ ਕਰਕੇ



Sri Satguru Jagjit Singh Ji eLibrary NamdhariElibrary@gmail.com

ਸਫਲਤਾ ਦੇ ਸੁਪਨੇ ਸਾਕਾਰ ਹੁੰਦਿਆਂ ਵੇਖ ਕੇ, ਸੌ ਤੋਂ ਵੀ ਵਧ ਬਚੇ ਖੁਸ਼ੀ ਨਾਲ ਫੂਲੇ ਨਹੀਂ ਸਮਾ ਰਹੇ ਸਨ। ਇਸ ਪਰੇਡ ਵਿਚ ਵੱਖ-ਵੱਖ ਸਕੂਲਾਂ ਦੇ ੩੮੦੦ ਵਿਦਿਆਰਥੀਆਂ ਨੇ ਹਿੱਸਾ ਲਿਆ।

ਸਫੈਦ, ਸਵੱਛ, ਸੁੰਦਰ, ਪਹਿਰਾਵਾ, ਕੁਰਤਾ, ਪਜਾਮਾ, ਸਫੈਦ ਉੱਜਲ ਖੱਦਰ ਦੀ ਦਸਤਾਰ, ਪੈਰਾਂ ਵਿਚ ਰੋਲਰ ਸਕੇਟਜ਼, ਬੂਟਾਂ ਦੇ ਸਫੈਦ ਕਵਰ, ਹੱਥਾਂ ਵਿਚ ਸਫੈਦ ਦਸਤਾਨੇ ਨਹਿਰੂ ਜੈਕਟ ਤੇ ਉਸ ਤੇ ਫੁੱਲ, ਕਲਿਜੁਗ ਵਿਚ ਸਤਿਜੁਗੀ ਬਾਣਾ ਸਾਰੇ ਦਰਸ਼ਕਾਂ ਦੇ ਮਨਾਂ ਨੂੰ ਮੁਗਧ ਕਰ ਰਿਹਾ ਸੀ। ਰਾਜ-ਪੱਥ ਤਾਲੀਆਂ ਦੀ ਗੂੰਜਾਰ ਨਾਲ ਗੂੰਜ ਰਿਹਾ ਸੀ। ਲੱਖਾਂ ਲੋਕਾਂ ਨੇ ਇਸ ਪ੍ਰਦਰਸ਼ਨ ਦਾ ਟੀ. ਵੀ. ਤੇ ਰੱਜ ਕੇ ਆਨੰਦ ਮਾਣਿਆ। ਵਿਸ਼ਵ ਵਿਖਿਆਤ ਸਰਦਾਰ ਜਸਦੇਵ ਸਿੰਘ ਜੀ ਆਪਣੀ ਮਿੱਠੀ-ਮਿੱਠੀ ਪ੍ਰਸ਼ੰਸਾ ਭਰੀ ਆਵਾਜ਼ ਰਾਹੀਂ ਸਰੋਤਿਆਂ ਦੇ ਕੰਨਾਂ ਵਿਚ ਰਸ ਘੋਲ ਰਹੇ ਸਨ, ਉਨ੍ਹਾਂ ਨੇ ਬੜੇ ਕਾਵਿ-ਮਈ ਸ਼ਬਦਾਂ ਵਿਚ ਬਚਿਆਂ ਦੇ ਪ੍ਰੋਗਰਾਮ ਦੀ ਸਰਾਹਨਾ ਕੀਤੀ।

੧੫ ਅਪਰੈਲ, ੧੯੯੯ ਨੂੰ ਤਾਲਕਟੋਰਾ ਸਟੇਡੀਅਮ ਵਿਚ ਸ੍ਰੀ ਐਚ. ਕੇ. ਐਲ. ਭਗਤ ਤੇ ਸਿਖਿਆ ਮੰਤਰੀ ਸ੍ਰੀ ਕੁਲਾਨੰਦ ਭਾਰਤੀ ਨੇ ਸ਼ਹੀਦ ਬਿਸ਼ਨ ਸਿੰਘ ਸਕੂਲ ਨੂੰ ਸ਼ੀਲਡਜ਼ ਤੇ ਬਚਿਆਂ ਲਈ ਦੋ ਸੌ ਮੈਡਲ ਤੇ ਸਰਟੀਫਿਕੇਟ ਪ੍ਰਦਾਨ ਕੀਤੇ। ੧੬ ਮਈ ੧੯੯੯ ਨੂੰ ਸਚੇ ਪਾਤਸ਼ਾਹ ਜੀ ਨੇ ਆਪਣੇ ਪਵਿਤਰ ਹਸਤ-ਕੰਵਲਾਂ ਰਾਹੀਂ ਉਹ ਮੈਡਲ ਤੇ ਸਰਟੀਫਿਕੇਟ ਦੇ ਕੇ ਖੁਸ਼ੀਆਂ ਤੇ ਬਖਸ਼ਸ਼ਾਂ ਦੇ ਅਥਾਹ ਭੰਡਾਰੇ ਖੋਹਲ ਦਿਤੇ।

ਗਣਤੰਤਰ ਦਿਵਸ ਦੀ ਪਰੇਡ ਤੋਂ ਅਤਿ ਪ੍ਰਭਾਵਤ ਹੋ ਕੇ ਨਹਿਰੂ ਸ਼ਾਂਤੀ ਦੌੜ ਦੇ ਆਯੋਜਕਾਂ ਨੇ ਇਕ ਵਾਰੀ ਫਿਰ ਰਾਜਪੱਥ ਦੀਆਂ ਸੜਕਾਂ ਤੇ ਪ੍ਰੋਗਰਾਮ ਦੇ ਉਦਘਾਟਨ ਸਮਾਰੋਹ ਵਿਚ ਹਿਸਾ ਲੈਣ ਲਈ ਸੱਦਾ ਦਿੱਤਾ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਸਕੇਟਰਜ਼ ਸਭ ਤੋਂ ਅਗੇ ਪਿਛੇ ਪਿਛੇ ਵਿਸ਼ਵ ਵਿਖਿਆਤ ਟੈਨਿਸ ਖਿਡਾਰੀ ਵਿਜੈ ਅੰਮ੍ਰਿਤਰਾਜ ਤੇ ਸੁਕੇਸ਼ ਖਿਡਾਰੀ ਭੁਵਨੇਸ਼ਵਰੀ ਦੇਵੀ ਤੇ ਉਪਰੰਤ ਅਣਗਿਣਤ ਭਾਰਤ ਵਾਸੀ।

੨੩ ਜੂਨ, ੧੯੯੯ ਦਾ ਦਿਨ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਲਈ ਇਕ ਵਿਸ਼ੇਸ਼ ਮਹੱਤਤਾ ਰਖਦਾ ਹੈ ਕਿਉਂਕਿ ਉਸ ਦਿਨ ਸਕੂਲ ਦੀ ਦਸਵੀਂ ਜਮਾਤ ਦਾ ਇਮਤਿਹਾਨ ਜਿਹੜਾ ਕਿ ਤਿੰਨ ਮਾਰਚ ਤੋਂ ੨੦ ਮਾਰਚ ਤਕ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦੇ ਅਧੀਨ ਆਲ ਇੰਡੀਆ ਪੈਟਰਨ ਤੇ ਹੋਇਆ ਸੀ, ਦਾ ਨਤੀਜਾ ਨਿਕਲਿਆ। ਸਕੂਲ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਕਿਉਂਕਿ ਇਹ ਸਕੂਲ ਦਾ ਪਹਿਲਾ ਨਤੀਜਾ ਸੀ ਤੇ ਸਤਿਗੁਰੂ ਜੀ ਦੀ ਵਿਸ਼ੇਸ਼ ਬਖਸ਼ਸ਼ ਦਾ ਫਲ ਸਦਕਾ ਹੀ ਤਾਂ ਦਸਵੀਂ ਜਮਾਤ ਦੇ ੧੬ ਲੜਕਿਆਂ ਤੇ ੯ ਲੜਕੀਆਂ ਨੇ ਇਮਤਿਹਾਨ ਦਿਤਾ। ਸਚੇ ਪਾਤਸ਼ਾਹ ਜੀ ਦੀ ਅਪਾਰ ਕ੍ਰਿਪਾ ਸਦਕਾ ਸਾਰੇ ਹੀ ਪਾਸ ਹੋ ਗਏ। ਵੱਖ-ਵੱਖ ਵਿਸ਼ਿਆਂ ਵਿਚ ਬਚੇ ਡਿਸਟਿੰਕਸ਼ਨ ਲੈ ਕੇ ਖੁਸ਼ੀ ਨਾਲ ਫੂਲੇ ਨਹੀਂ ਸਮਾ ਰਹੇ ਸਨ (ਡਿਸਟਿੰਕਸ਼ਨ ੧੦੦ ਨੰਬਰਾਂ ਵਿਚੋਂ ੭੫ ਨੰਬਰ ਲੈਣ ਤੇ ਮਿਲਦੀ ਹੈ) ਪ੍ਰਭਜੋਤ ਕੌਰ ਨੇ ਪੰਜ ਵਿਸ਼ਿਆਂ 'ਚ ਅੰਗਰੇਜ਼ੀ, ਪੰਜਾਬੀ, ਹਿਸਾਬ, ਵਿਗਿਆਨ, ਸਮਾਜਿਕ-ਵਿਗਿਆਨ ਵਿਚ ਡਿਸਟਿੰਕਸ਼ਨ ਤੇ ਭਗਵੰਤ ਸਿੰਘ ਅੰਗਰੇਜ਼ੀ, ਹਿਸਾਬ ਤੇ ਪੰਜਾਬੀ ਵਿਚ ਡਿਸਟਿੰਕਸ਼ਨ ਲੈ ਕੇ ਸਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ।

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੀ ਇਕ ਵਿਸ਼ੇਸ਼ ਉਪਲਬਧੀ ਇਹ ਸੀ ਕਿ ਇਸ ਸਾਲ ਤੋਂ ਦਿਲੀ ਪ੍ਰਸ਼ਾਸਨ ਨੇ ੧੦+੨ ਖੋਹਲਣ ਦੀ ਪ੍ਰਵਾਨਗੀ ਦੇ ਦਿਤੀ ਹੈ। ਸਾਇੰਸ, ਕਾਮਰਸ, ਆਰਟ ਆਦਿ ਸਾਰੇ ਵਿਸ਼ਿਆਂ ਵਿਚ ਗਿਆਰ੍ਹਵੀਂ ਜਮਾਤ ਦਾ ਦਾਖਲਾ ਸ਼ੁਰੂ ਹੈ ਤੇ ਇੰਞ ਮਾਨਸਰੋਵਰ ਗਾਰਡਨ ਵਿਚ ਇਹ ਸਕੂਲ ਪਹਿਲੇ ਸਥਾਨ ਤੇ ਗਿਣਿਆ ਜਾਣ ਲਗ ਪਿਆ ਹੈ। ਇਹ ਸਾਰਾ ਕੁਝ ਸਚੇ ਪਾਤਸ਼ਾਹ ਜੀ ਦੀ ਅਪਾਰ ਕ੍ਰਿਪਾ ਸਦਕਾ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਐਚ. ਐਸ. ਹੰਸਪਾਲ ਜੀ (ਐਮ. ਪੀ.), ਵਾਈਸ ਚੇਅਰਮੈਨ ਸੁਲੱਖਣ ਸਿੰਘ ਜੀ, ਮੈਨੇਜਰ ਸ੍ਰ: ਸੁਖਦੇਵ ਸਿੰਘ ਜੀ ਬਾਲੀ-ਨਗਰ, ਸੰਤ ਮਹਿੰਦਰ ਸਿੰਘ ਜੀ ਬਾਲੀ ਨਗਰ ਤੇ ਹੋਰ ਮੈਂਬਰਾਂ ਦੇ ਸਹਿਯੋਗ ਸਦਕਾ ਹੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਪ੍ਰਗਤੀ ਤੇ ਉਨਤੀ ਦੇ ਪੱਥ ਤੇ ਅਗ੍ਰਸਰ ਹੋ ਕੇ ਦਿਨ ਦੋਗੁਣੀ, ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸਕੂਲ ਤੇ ਆਪਣੀ ਮਿਹਰ ਭਰੀ ਕ੍ਰਿਪਾ ਦ੍ਰਿਸ਼ਟੀ ਹਮੇਸ਼ਾਂ ਲਈ ਬਖਸ਼ਕੇ ਸਾਨੂੰ ਸਾਰਿਆਂ ਨੂੰ ਆਪਣੇ ਚਰਨ ਕੰਵਲਾਂ ਨਾਲ ਜੋੜੀ ਰੱਖਣ।

—ਬੇਅੰਤ ਕੌਰ



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਇਲਿਆਸ

—ਮੂਲ—ਲਿਊ ਤਾਲਸਤਾਏ—

ਪੰਜਾਬੀ ਰੂਪ—**ਸੁਰਜ਼ੀਤ ਖੁਰਸ਼ੀਦੀ**—

ਲਿਓ ਤਾਲਸਤਾਏ ਦੀਆਂ ਲਿਖਤਾਂ ਵਿਚ ਇਕ ਅਧਿਆਤਮਿਕਤਾ ਹੁੰਦੀ ਹੈ । ਮਾਨਵੀ ਸੰਦੇਸ਼ ਹੁੰਦਾ ਹੈ। ਇਕ ਸ਼ਬਕ ਹੁੰਦਾ ਹੈ । ਸ਼ਰਾਬ ਅਤੇ ਗੋਸ਼ਤ ਦਾ ਜ਼ਿਕਰ ਰੂਸੀ ਸਮਾਜ ਦੀ ਵਾਸਤਵਿਕਤਾ ਨੂੰ ਦਿਤਰਣ ਲਈ ਹੈ। ਉਂਜ ਕਹਾਣੀ ਦਾ ਮੂਲ ਸੁਨੇਹਾ ਸਰਬ ਵਿਆਪੀ ਹੈ। ਆਸ ਹੈ ਪਾਠਕ ਲਿਖਤ ਦੇ ਸਵਾਦ ਮਾਨਣ ਦੇ ਨਾਲ ਨਾਲ ਧੁਰ ਆਤਮਾ ਤਕ ਅੰਦੋਲਿਤ ਹੋਣਗੇ । —ਸੰਪਾਦਕ

ਇਕ ਵਾਰੀ ਦੀ ਗੱਲ ਹੈ ਕਿ ਊਫਾ ਰਾਜ ਵਿਚ ਇਲਿਆਸ ਨਾਂ ਦਾ ਇਕ ਬਾਸਕੀਰ ਵਸਦਾ ਸੀ । ਉਸਦਾ ਪਿਤਾ ਇਕ ਵਰ੍ਹਾ ਪਹਿਲਾਂ ਅੱਲ੍ਹਾਂ ਨੂੰ ਪਿਆਰਾ ਹੋ ਗਿਆ ਸੀ, ਆਪਣੇ ਪੁਤ ਲਈ ਵਹੁਟੀ ਲਿਆਣ ਤੋਂ ਠੀਕ ਇਕ ਵਰ੍ਹੇ ਬਾਅਦ ਹੀ ਉਹ ਵਿਰਸੇ ਵਿਚ ਕੁਝ ਖਾਸ ਜਾਇਦਾਦ ਨਹੀਂ ਸੀ ਛੱਡ ਕੇ ਗਿਆ। ਇਲਿਆਸ ਦੇ ਪਾਸ ਕਲ ਸੱਤ ਘੋੜੀਆਂ, ਦੋ ਗਊਆਂ ਅਤੇ ਵੀਹ ਦੇ ਕਰੀਬ ਭੇਡਾਂ ਸਨ। ਚੰਗਾ ਪਰਬੰਧ ਕਰ ਲੈਣ ਕਰਕੇ ਉਹ ਹੋਰ ਮਾਲ ਪਰਾਪਤ ਕਰਨ ਵਿਚ ਸਫਲ ਰਹਿਣ ਲਗਾ । ਦੋਵੇਂ ਮੀਆਂ ਬੀਵੀ ਸਵੇਰੇ ਤੜਕ ਸਾਰ ਤੋਂ ਲੈ ਕੇ ਦੇਰ ਰਾਤ ਪੈ ਜਾਣ ਤਕ ਕੰਮ ਕਰਦੇ ਰਹਿੰਦੇ। ਸਭ ਤੋਂ ਪਹਿਲਾਂ ਜਾਗਦੇ ਅਤੇ ਸਭ ਤੋਂ ਪਿਛੋਂ ਸੌਂਦੇ ਸਨ। ਇਸ ਪਰਕਾਰ ਉਹਨਾਂ ਦੇ ਮਾਲ ਵਿਚ ਹਰ ਵਰ੍ਹੇ ਵਾਧਾ ਹੋ ਰਿਹਾ ਸੀ। ਇੰਝ ਜੀਵਨ ਬਤੀਤ ਕਰਨ ਕਰਕੇ ਇਲਿਆਸ ਪਾਸ ਚੋਖਾ ਧਨ ਹੋ ਗਿਆ ਸੀ; ਪੈਂਤੀ ਸਾਲਾਂ ਦੇ ਅੰਤ ਤੇ ਉਸ ਦੇ ਪਾਸ ੨੦੦ ਘੋੜੇ, ੧੫੦ ਗਊਆਂ ਅਤੇ ੧੨੦੦ ਭੇਡਾਂ ਹੋ ਗਈਆਂ ਸਨ। ਦਿਹਾੜੀਦਾਰ ਕਾਮੇ ਉਸਦੇ ਪਸ਼ੂਆਂ ਦੀ ਸਾਂਭ ਸੰਭਾਲ ਕਰਦੇ ਅਤੇ ਦਿਹਾੜੀ-ਦਾਰ ਇਸਤ੍ਰੀਆਂ ਉਸਦੀਆਂ ਗਊਆਂ ਤੇ ਘੋੜੀਆਂ ਚੋਂਦੀਆਂ ਤੇ ਦੁਧ ਰਿੜਕਦੀਆਂ ਇਲਿਆਸ ਦੇ ਪਾਸ ਹਰ ਚੀਜ਼ ਦੀ ਬਹੁਤਾਤ ਸੀ ਅਤੇ ਖੇਤਰ ਦਾ ਹਰਕੋਈ ਉਸ ਤੇ ਰਸ਼ਕ ਕਰਦਾ ਸੀ।

''ਇਲਿਆਸ ਚੰਗੇ ਭਾਗਾਂ ਵਾਲਾ ਬੰਦਾ ਹੈ, ਉਸ ਦੇ ਪਾਸ ਹਰ ਚੀਜ਼ ਚੋਖੀ ਮਾਤਰਾ ਵਿਚ, ਉਸ ਲਈ ਇਹੋ ਸੰਸਾਰ ਸੁਵਰਗ ਦੀ ਨਿਆਈਂ ਹੈ।''

ਖਾਂਦੇ ਪੀਂਦੇ ਅਤੇ ਉੱਚੀਆਂ ਪਦਵੀਆਂ ਰਖਦੇ ਲੋਕਾਂ ਨੇ ਉਸਦੀ ਮਹਿਮਾ ਸੁਣੀ ਤੇ ਉਸਦੀ ਮਿਤਰਤਾ ਦੇ ਚਾਹਵਾਨ ਹੋਏ। ਦੂਰੋਂ ਨੇੜਿਉਂ ਲੋਕ ਉਸ ਨਾਲ ਮੁਲਾਕਾਤ ਦੇ ਲਈ ਆਂਦੇ ਅਤੇ ਉਹ ਹਰ ਕਿਸੇ ਦਾ ਸਵਾਗਤ ਕਰਦਾ। ਖਾਣ ਪੀਣ ਨਾਲ ਸੇਵਾ ਕਰਦਾ। ਜੋ ਕੋਈ ਵੀ ਆਂਦਾ ਉਸ ਨੂੰ ਘੋੜੀਆਂ ਦੇ ਦੁਧ ਤੋਂ ਬਣੀ ਸ਼ਰਾਬ, ਚਾਹ, ਸ਼ਰਬਤ ਅਤੇ ਭੋਜਨ ਪੇਸ਼ ਕਰਦਾ। ਜਦੋਂ ਵੀ ਕੋਈ ਮਹਿਮਾਨ ਆਂਦਾ ਤਾਂ ਇਕ ਭੇਡ ਮਾਰੀ ਜਾਂਦੀ, ਕਦੇ ਕਦੇ ਦੋ ਵੀ । ਅੰਤ ਜੇਕਰ ਕਦੇ ਬਹੁਤ ਹੀ ਮਹਿਮਾਨ ਆ ਜਾਂਦੇ ਤਾਂ ਉਹਨਾਂ ਲਈ ਖੱਚਰ ਵੀ ਮਾਰਦਾ ਹੁੰਦਾ ਸੀ।

ਇਲਿਆਸ ਦੇ ਤਿੰਨ ਬੱਚੇ ਸਨ, ਦੋ ਪੁਤਰ ਅਤੇ ਇਕ ਧੀ ਅਤੇ ਉਸ ਨੇ ਉਹਨਾਂ ਸਭਨਾ ਦੇ ਵਿਆਹ ਕਰ ਛੱਡੇ ਸਨ। ਜਦੋਂ ਉਹ ਗਰੀਬ ਸੀ ਉਦੋਂ ਉਸ ਦੇ ਪੁਤਰ ਉਸਦੇ ਨਾਲ ਕੰਮ ਕਰਵਾਇਆ ਕਰਦੇ ਸਨ ਅਤੇ ਆਪ ਮਾਲ ਡੰਗਰ ਚਰਾਇਆ ਕਰਦੇ ਸਨ, ਪਰ ਜਦੋਂ ਉਹ ਧਨਵਾਨ ਹੋ ਗਿਆ ਤਾਂ ਉਹ ਵਿਗੜ ਗਏ ਸਨ, ਇਕ ਮੁੰਡਾ ਤਾਂ ਸ਼ਰਾਬ ਦਾ ਆਦੀ ਹੋ ਗਿਆ ਸੀ। ਵਡਾ ਪੁਤਰ ਤਾਂ ਇਕ ਝਗੜੇ ਵਿਚ ਮਾਰਿਆ ਗਿਆ ਅਤੇ ਨਿੱਕਾ ਜਿਸ ਨੇ ਇਕ ਆਪ ਹੁਦਰੀ ਮੂੰਹ ਜ਼ੋਰ ਇਸਤਰੀ ਨਾਲ ਵਿਆਹ ਕਰ ਲਿਆ ਸੀ, ਬਾਪ ਤੋਂ ਨਾਬਰ ਹੋ ਗਿਆ, ਵਿਗੜ ਗਿਆ ਤੇ ਉਹ ਹੁਣ ਇਕੱਠੇ ਨਾ ਰਹਿ ਸਕੇ।

ਉਹ ਵੱਖ ਹੋ ਕੇ ਰਹਿਣ ਲੱਗੇ ਤੇ ਇਲਿਆਸ ਨੇ ਪੁਤਰ ਨੂੰ ਇਕ ਮਕਾਨ ਅਤੇ ਕੁਝ ਡੰਗਰ ਦੇ ਦਿਤੇ ਜਿਸ ਦੇ ਸਿੱਟੇ ਵਜੋਂ ਉਸਦਾ ਧਨ ਘੱਟ ਗਿਆ। ਫੇਰ ਛੇਤੀ ਹੀ ਇਲਿਆਸ ਦੀਆਂ ਭੇਡਾਂ ਵਿਚ ਇਕ ਬੀਮਾਰੀ ਫੈਲ ਗਈ ਅਤੇ ਬਹੁਤ ਸਾਰੀਆਂ ਮਰਮੁਕ ਗਈਆਂ। ਇਸ ਤੋਂ ਬਾਅਦ ਕੀ ਹੋਇਆ ਕਿ ਫਸਲ ਮਾਰੀ ਗਈ ਤੇ ਚਾਰੇ ਦੀ ਥੁੜ ਹੋ ਗਈ। ਉਸ ਹਾਲਤ ਵਿਚ ਬਹੁਤ ਸਾਰੇ ਪਸ਼ੂ ਮਰ ਗਏ। ਫੇਰ ਕਿਰਗੀਜ਼ਾਂ ਨੇ ਉਸ ਦੇ ਸਭ ਤੋਂ ਵਧੀਆ ਘੋੜੇ ਕਾਬੂ ਕਰ ਲਏ ਤੇ ਇਲਿਆਸ ਕਖੋਂ ਹੀਣਾ ਤੇ ਰੋਟੀਓਂ ਆਤਰ ਹੋ ਕੇ ਰਹਿ ਗਿਆ। ਇਸ ਦੇ ਨਾਲ ਹੀ ਉਸ ਦੀ ਸਰੀਰਕ ਸ਼ਕਤੀ ਵੀ ਜਵਾਬ ਦੇਣ ਲਗੀ। ਸੱਤਰ ਵਰ੍ਹਿਆਂ ਦੀ ਉਮਰ ਤਕ ਪੁਜ-ਦਿਆਂ ਉਸ ਨੇ ਆਪਣੇ ਘਰੋਂ ਫਰਾਂ, ਗਲੀਚੇ ਦਰੀਆਂ, ਘੋੜਿਆਂ ਦੀਆਂ ਕਾਠੀਆਂ ਅਤੇ ਤੰਬੂ ਕਨਾਤਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਅੰਤਕਾਰ ਉਸ ਨੂੰ ਬਾਕੀ ਰਹਿੰਦੇ ਪਸ਼ੂ ਵੀ ਵੇਚਣੇ ਪਏ ਅਤੇ ਉਹ ਮੰਦੇਹਾਲੀਂ ਹੋ ਕੇ ਰਹਿ ਗਿਆ। ਉਸ ਨੂੰ ਪਤਾ ਹੀ ਨਾ ਲਗਾ ਕਿ ਇਹ ਸਭ ਕੁਝ ਵਾਪਰ ਕਿਵੇਂ ਗਿਆ ਅਤੇ ਬੁਢਾਪੇ ਦੀ ਉਮਰ ਵਿਚ ਦੋਹਾਂ ਪਤੀ ਪਤਨੀ ਨੂੰ ਨੌਕਰੀ ਕਰਨੀ ਪੈ ਗਈ। ਇਲਿਅਸ ਦੇ ਪਾਸ ਕੇਵਲ ਸਰੀਰ ਤੇ ਪਹਿਨੇ ਹੋਏ ਵਸਤਰ ਹੀ ਰਹਿ ਗਏ ਸਨ, ਇਕ ਫ਼ਰ



Sri Satguru Jagjit Singh Ji eLibrary NamdhariElibrary@gmail.com

ਦਾ ਚੋਗਾ, ਇਕ ਕੱਪ ਨਿੱਕੇ ਅਤੇ ਉਪਰ ਦੀ ਪਹਿਨਣ ਵਾਲੇ ਬੂਟ ਅਤੇ ਉਸਦੀ ਪਤਨੀ ਸ਼ਾਮ-ਸ਼ੇਮਾਗੀ, ਜੇਹੜੀ ਹੁਣ ਆਪ ਬਿਰਧ ਹੋ ਚੁੱਕੀ ਸੀ। ਜੇਹੜਾ ਪੁਤਰ ਉਸ ਨਾਲੋਂ ਵੱਖ ਹੋਇਆ ਸੀ ਉਹ ਕਿਧਰੇ ਪਰਦੇਸ ਵਿਚ ਚਲਿਆ ਗਿਆ; ਅਤੇ ਉਸ ਦੀ ਧੀ ਮਰ ਚੁਕੀ ਸੀ। ਇਸ ਤਰ੍ਹਾਂ ਨਾਲ ਹੁਣ ਬੁਢੀ ਜੋੜੀ ਦੀ ਸਹਾਇਤਾ ਕਰਨ ਵਾਲਾ ਕੋਈ ਨਹੀਂ ਸੀ।

ਉਹਨਾਂ ਦੇ ਗੁਆਂਢੀ ਮੁਹੰਮਦ ਸ਼ਾਹ ਨੂੰ ਉਹਨਾਂ ਤੇ ਤਰਸ ਆਇਆ। ਮੁਹੰਮਦ ਸ਼ਾਹ ਕੋਈ ਬਹੁਤਾ ਅਮੀਰ ਨਹੀਂ ਸੀ, ਪਰ ਗਰੀਬ ਵੀ ਨਹੀਂ ਸੀ, ਬਸ ਵਾਹਵਾ ਜਿਹਾ ਜੀਵਨ ਬਤੀਤ ਕਰ ਰਿਹਾ ਸੀ ਅਤੇ ਇਕ ਭਲਾ ਲੋਕ ਸੀ। ਉਸਨੂੰ ਇਲਿਆਸ ਦੀ ਮਹਿਮਾਨ ਨਿਵਾਜ਼ੀ ਦੀਆਂ ਗੱਲਾਂ ਚੇਤੇ ਸਨ ਅਤੇ ਦਿਆਵਾਨ ਹੋ ਕੇ ਉਸ ਨੇ ਕਿਹਾ ਸੀ—"ਇਲਿਆਸ ਤੁਸੀਂ ਦੋਵੇਂ ਮੀਆਂ ਬੀਵੀ ਮੇਰੇ ਪਾਸ ਆ ਕੇ ਰਹਿ ਪਵੋ। ਗਰਮੀਆਂ ਵਿਚ ਤੁਸੀਂ ਮੇਰੇ ਬਾਗ ਵਿਚ ਕੰਮ ਕਰ ਸਕਦੇ ਹੋ ਅਤੇ ਹੁਨਾਲ ਵਿਚ ਮੇਰੇ ਪਸ਼ੂਆਂ ਨੂੰ ਚਰਾ ਸਕਦੇ ਹੋ ਤੇ ਸ਼ਾਮ-ਸ਼ੁਮਾਗੀ ਮੇਰੀਆਂ ਖਚਰਾਂ ਘੋੜੀਆਂ ਦੀਆਂ ਧਾਰਾਂ ਕਢਕੇ ਦੁੱਧ ਰਿੜਕਿਆ ਕਰੇਗੀ। ਮੈਂ ਤੁਹਾਨੂੰ ਦੋਹਾਂ ਨੂੰ ਖਾਸ ਖੁਰਾਕ ਅਤੇ ਵਸਤਰ ਦਿਆਂਗਾ। ਤੁਹਾਨੂੰ ਜਦੋਂ ਵੀ ਕਿਸੇ ਚੀਜ਼ ਦੀ ਲੋੜ ਹੋਈ ਮੈਨੂੰ ਦਸ ਦੇਣਾ ਮੈਂ ਦਿਆਂਗਾ।"

ਇਲਿਆਸ ਨੇ ਆਪਣੇ ਗੁਆਂਢੀ ਦਾ ਧਨਵਾਦ ਕੀਤਾ ਸੀ ਤੇ ਪਤੀ-ਪਤਨੀ ਨੇ ਕਾਮਿਆਂ ਵਜੋਂ ਮੁਹੰਮਦਸ਼ਾਹ ਦੀ ਨੌਕਰੀ ਕਰਨੀ ਸ਼ੁਰੂ ਕਰ ਦਿਤੀ। ਪਹਿਲਾਂ ਪਹਿਲ ਉਹਨਾਂ ਨੂੰ ਕੁਝ ਔਖ ਮਹਿਸੂਸ ਹੋਈ ਸੀ, ਪਰ ਫੇਰ ਉਹ ਇਸ ਦੇ ਆਦੀ ਹੋ ਗਏ ਸਨ ਅਤੇ ਆਪਣੀ ਸ਼ਕਤੀ ਅਨੁਸਾਰ ਕੰਮ ਕਰਨ ਡਹਿ ਪਏ ਸਨ।

ਮੁਹੰਮਦਸ਼ਾਹ ਨੇ ਮਹਿਸੂਸ ਕੀਤਾ ਕਿ ਇਹੋ ਜਹੇ ਬੰਦੇ ਰਖਣੇ ਲਾਹੇਵੰਦਾ ਕੰਮ ਹੈ ਕਿਉਂ ਜੋ ਉਹ ਕਦੇ ਆਪ ਮਾਲਕ ਰਹਿ ਚੁਕੇ ਹੋਣ ਕਰਕੇ ਪਰਬੰਧ ਦੀ ਸਾਰ ਰਖਦੇ ਸਨ ਅਤੇ ਆਲਸੀ ਵੀ ਨਹੀਂ ਸਨ ਸਗੋਂ ਸਮਰਥਾ ਅਨੁਸਾਰ ਕੰਮ ਕਰਦੇ ਸਨ। ਫੇਰ ਵੀ ਮੁਹੰਮਦ ਸ਼ਾਹ ਨੂੰ ਦੁਖ ਮਹਿਸੂਸ ਹੁੰਦਾ ਸੀ ਕਿ ਇਤਨੀ ਉਚੀ ਸ਼ਾਨ ਵਾਲੇ ਬੰਦੇ ਕਿਤਨੀ ਹੇਠਲੀ ਪਧਰ ਤਕ ਆ ਪੁਜੇ ਸਨ।

ਇਕ ਵਾਰੀ ਕੀ ਹੋਇਆ ਕਿ ਮੁਹੰਮਦ ਸ਼ਾਹ ਦੇ ਰਿਸ਼ਤੇ-ਦਾਰ ਕਿਸੇ ਦੁਰਾਡੀ ਥਾਂ ਤੋਂ ਉਸ ਨੂੰ ਮਿਲਨ ਲਈ ਆਏ ਅਤੇ ਉਹਨਾਂ ਦੇ ਨਾਲ ਇਕ ਮੁੱਲਾ ਵੀ ਆਇਆ। ਮੁਹੰਮਦ-ਸ਼ਾਹ ਨੇ ਇਲਿਆਸ ਨੂੰ ਇਕ ਭੇਡ ਹਲਾਲ ਕਰਨ ਦੇ ਲਈ ਕਿਹਾ। ਇਲਿਆਸ ਨੇ ਭੇਡ ਦੀ ਖੱਲ ਲਾਹ ਕੇ ਪਕਾ ਕੇ ਮਹਿਮਾਨਾਂ ਲਈ ਭੇਜ ਦਿੱਤੀ। ਮਹਿਮਾਨਾਂ ਨੇ ਗੋਸ਼ਤ ਵਰਤਿਆ, ਕੁਝ ਚਾਹ ਪੀਤੀ ਅਤੇ ਫੇਰ ਘੋੜੀਆਂ ਦੇ ਦੁੱਧ ਤੋਂ ਬਣਾਈ ਹੋਈ ਸ਼ਰਾਬ ਪੀਣ ਲੱਗ ਪਏ। ਜਦੋਂ ਸਾਰੇ ਫ਼ਰਸ਼ ਤੇ ਗਲੀਚਾ ਵਿਛਾ ਕੇ ਦਸਤਰ ਖ਼ਾਨ ਤੇ ਬੈਠੇ ਹੋਏ ਖਾ ਅਤੇ ਪੀ ਰਹੇ ਸਨ ਤਾਂ ਕਿਤੇ ਇਲਿਆਸ ਵੀ ਆਪਣਾ ਕੰਮ ਖਤਮ ਕਰਕੇ ਉਹਨਾਂ ਦੇ ਪਾਸ ਦੀ ਲੰਘ ਕੇ ਬੂਹੇ ਤੋਂ ਬਾਹਰ ਨਿਕਲ ਗਿਆ। ਉਸ ਨੂੰ ਲੰਘਦਿਆਂ ਦੇਖ ਕੇ ਮੁਹੰਮਦ ਸ਼ਾਹ ਨੇ ਮਹਿਮਾਨਾਂ ਵਿਚੋਂ ਇਕ ਨੂੰ ਪੁਛਿਆ :

"ਇਹ ਜੇਹੜਾ ਬਜ਼ੁਰਗ ਹੁਣੇ ਲੰਘਿਆ ਹੈ ਉਸ ਨੂੰ ਤੁਸੀਂ ਦੇਖਿਆ ਹੈ ?"

"ਹਾਂ," ਮਹਿਮਾਨ ਨੇ ਕਿਹਾ, "ਉਹ ਦੇ ਬਾਰੇ ਵਿਸ਼ੇਸ਼ਤਾ ਵਾਲੀ ਕਿਹੜੀ ਗੱਲ ਹੈ ?"

"ਕੇਵਲ ਏਹੋ ਕਿ ਉਹ ਕਦੇ ਸਾਡੇ ਏਥੇ ਸਭ ਤੋਂ ਵਧ ਅਮੀਰ ਬੰਦਾ ਹੋਇਆ ਕਰਦਾ ਸੀ। ਉਸ ਦਾ ਨਾਂ ਇਲਿਆਸ ਹੈ। ਤੁਸੀਂ ਜ਼ਰੂਰ ਕਦੇ ਇਹ ਨਾਂ ਸੁਣਿਆ ਹੋਵੇਗਾ।"

"ਆਹੋ ਮੈਂ ਇਹ ਨਾਂ ਸੁਣਿਆ ਹੋਇਆ ਹੈ।" ਮਹਿਮਾਨ ਨੇ ਕਿਹਾ, "ਮੈਂ ਉਸ ਨੂੰ ਪਹਿਲਾਂ ਕਦੇ ਦੇਖਿਆ ਤਾਂ ਨਹੀਂ ਪਰ ਇਸ ਦੀ ਪਰਸਿਧੀ ਦੂਰ ਦੂਰ ਤਕ ਫੈਲੀ ਹੋਈ ਸੀ।"

"ਆਹੋ, ਪਰ ਹੁਣ ਪੱਲੇ ਕੁਝ ਨਹੀਂ ਰਿਹਾ ਇਸਦੇ, ਮੁਹੰਮਦ ਸ਼ਾਹ ਨੇ ਕਿਹਾ, "ਅਤੇ ਮੇਰੇ ਪਾਸ ਇਕ ਕਾਮੇ ਦੇ ਤੌਰ ਤੇ ਰਹਿ ਰਿਹਾ, ਇਸ ਦੀ ਬੁਢੀ ਵੀ ਏਥੇ ਹੀ ਹੈ, ਉਹ ਘੋੜੀਆਂ ਦੀਆਂ ਧਾਰਾਂ ਚੋਣ ਦਾ ਕੰਮ ਕਰਦੀ ਹੈ।"

ਮਹਿਮਾਨ ਸੁਣ ਕੇ ਬੜਾ ਹੈਰਾਨ ਹੋਇਆ, ਉਸ ਨੇ ਅਫਸੋਸ ਪਰਗਟ ਕਰਦਿਆਂ ਹੋਇਆ ਕਿਹਾ। ਕਿਸਮਤ ਦਾ ਵੀ ਚਕਰ ਚਲਦਾ ਹੈ। ਕਿਸੇ ਨੂੰ ਇਹ ਚੱਕਰ ਉਪਰ ਚੁੱਕ ਲੈਂਦਾ ਹੈ ਅਤੇ ਕਿਸੇ ਨੂੰ ਹੇਠਾਂ ਵਲ ਲੈ ਜਾਂਦਾ ਹੈ। ਕੀ ਇਹ ਬਜ਼ੁਰਗ ਆਪਣੇ ਸਾਰੇ ਕੁਝ ਦੇ ਖੁੱਸ ਜਾਣ ਤੇ ਦੁਖੀ ਨਹੀਂ ਹੁੰਦਾ ?

"ਕੀ ਕਿਹਾ ਜਾ ਸਕਦਾ ਹੈ ਬਈ ? ਉਹ ਚੁੱਪ ਚਾਪ, ਸ਼ਾਂਤ ਰਹਿ ਕੇ ਕੰਮ ਕਰਦਾ ਰਹਿੰਦਾ ਹੈ ਤੇ ਵਾਹਵਾ ਕੰਮ ਕਰਦਾ ਹੈ।"

ਮਹਿਮਾਨ ਨੇ ਕਿਹਾ, "ਕੀ ਉਸ ਨਾਲ ਗੱਲ ਕੀਤੀ ਜਾ ਸਕਦੀ ਹੈ ? ਮੈਂ ਉਸ ਦੇ ਜੀਵਨ ਬਾਰੇ ਉਸ ਤੋਂ ਜਾਨਣਾ ਚਾਹਦਾ ਹਾਂ।

"ਹਾਂ ਹਾਂ, ਕਿਉਂ ਨਹੀਂ", ਉਸਦੇ ਮਾਲਕ ਨੇ ਕਿਹਾ ਅਤੇ ਉਹਨਾਂ ਨੂੰ ਉਹਨਾਂ ਦੀ ਟੱਪਰੀ ਵਿਚੋਂ ਸਦਿਆ। "ਬਾਬਾ ਆ ਸਾਡੇ ਨਾਲ ਤੂੰ ਵੀ ਘੁੱਟ ਪੀ ਲੈ, ਨਾਲੇ ਆਪਣੀ ਪਤਨੀ ਨੂੰ ਵੀ ਲੈ ਆ।"



Sri Satguru Jagjit Singh Ji eLibrary NamdhariElibrary@gmail.com

. ਇਲਿਆਸ ਆਪਣੀ ਪਤਨੀ ਦੇ ਨਾਲ ਅੰਦਰ ਆਇਆ। ਮਾਲਕ ਅਤੇ ਮਹਿਮਾਨ ਨਾਲ ਸਾਹਿਬ ਸਲਾਮ ਕਰਕੇ ਰੱਬ ਦੇ ਸ਼ੁਕਰਾਨੇ ਵਜੋਂ ਕੁਝ ਕਹਿ ਕੇ ਬੂਹੇ ਦੇ ਲਾਗੇ ਬੈਠ ਗਿਆ। ਉਸ ਦੀ ਪਤਨੀ ਅਗੇ ਲੰਘ ਕੇ ਪਰਦੇ ਦੇ ਪਿਛੇ ਮਾਲਕਨ ਦੇ ਪਾਸ ਜਾ ਬੈਠੀ।

ਦਾਰੂ ਦਾ ਇਕ ਪੈਗ ਇਲਿਆਸ ਨੂੰ ਪੇਸ਼ ਕੀਤਾ ਗਿਆ। ਉਸ ਨੇ ਮਾਲਕ ਅਤੇ ਮਹਿਮਾਨ ਵਲ ਆਦਰ ਨਾਲ ਝਾਕਦਿਆਂ ਉਹਨਾਂ ਦੀ ਸੇਹਤ ਦੇ ਜਾਮ ਵਜੋਂ ਇਕ ਚੁਸਕੀ ਭਰ ਕੇ ਕੱਪ ਹੇਠਾਂ ਰੱਖ ਲਿਆ।

ਮਹਿਮਾਨ ਨੇ ਕਿਹਾ, ਤੇ ਗੱਲ ਤੋਰੀ, "ਹਾਂ ਬਾਪੂ, ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਦੇਖ ਕੇ ਤੇਰਾ ਚਿਤ ਉਦਾਸ ਹੋ ਜਾਂਦਾ ਹੋਵੇਗਾ। ਇਸ ਨਾਲ ਤੈਨੂੰ ਆਪਣੇ ਚੰਗੇ ਦਿਨ ਯਾਦ ਆ ਜਾਂਦੇ ਹੋਣਗੇ ਅਤੇ ਅਜੋਕੇ ਭੈੜੇ ਦਿਨ ਵੀ।" ਇਲਿਆਸ ਮੁਸਕਰਾਇਆ ਅਤੇ ਕਿਹਾ :—

"ਜੇਕਰ ਮੈਂ ਦਸਾਂ ਕਿ ਖੁਸ਼ੀ ਕੀ ਹੁੰਦੀ ਹੈ ਅਤੇ ਬਦ-ਕਿਸਮਤੀ ਕੀ ਹੁੰਦੀ ਹੈ ਤਾਂ ਤੁਸੀਂ ਮੇਰੇ ਕਹੇ ਤੇ ਯਕੀਨ ਨਹੀਂ ਕਰਨਾ। ਚੰਗੀ ਗੱਲ ਹੋਵੇਗੀ ਜੇਕਰ ਤੁਸੀਂ ਇਹ ਮੇਰੀ ਪਤਨੀ ਤੋਂ ਪੁਛੋ। ਉਹ ਇਕ ਇਸਤਰੀ ਹੈ ਅਤੇ ਜੋ ਕੁਝ ਉਸ ਦੇ ਦਿਲ 'ਚ ਹੈ ਉਹੋ ਜ਼ੁਬਾਨ ਤੇ ਹੈ। ਉਹ ਤੁਹਾਨੂੰ ਸੱਚੋ ਸੱਚ ਦਸੇਗੀ।"

ਮਹਿਮਾਨ ਹੁਣ ਪਰਦੇ ਵਲ ਨੂੰ ਪਰਤ੍ਰਿਆ।

ਉਸ ਨੇ ਕਿਹਾ, ਹਾਂ ਮਾਈ ਤੂੰ ਦਸ ਕਿ ਤੁਹਾਡੀ ਪਹਿਲੀ ਹਾਲਤ ਦਾ ਹੁਣ ਦੀ ਹਾਲਤ ਨਾਲ ਕੀ ਅੰਤਰ ਰੱਖਦੀ ਹੈ?

ਅਤੇ ਸ਼ਾਮ-ਸ਼ੇਮਾਗੀ ਨੇ ਪਰਦੇ ਦੀ ਓਟ 'ਚੋਂ ਉਤਰ ਦਿਤਾ—"ਲਓ ਸੁਣ ਲਵੋ ਜੋ ਮੈਂ ਮਹਿਸੂਸ ਕਰਦੀ ਹਾਂ। ਮੈਂ ਅਤੇ ਮੇਰਾ ਬੁਢਾ ਚਾਲੀ ਵਰ੍ਹੇ ਖੁਸ਼ੀ ਦੀ ਭਾਲ ਵਿਚ ਲਗੇ ਰਹੇ ਪਰ ਪਰਾਪਤ ਨਾ ਹੋਈ, ਅਤੇ ਹੁਣ ਇਹਨਾਂ ਦੋ ਵਰ੍ਹਿਆਂ ਦੌਰਾਨ ਜਦੋਂ ਸਾਡੇ ਪੱਲੇ ਕੁਝ ਨਾ ਰਿਹਾ ਤੇ ਅਸੀਂ ਮਜ਼ਦੂਰਾਂ ਵਾਂਗ ਰਹੇ ਹਾਂ, ਤਾਂ ਸਾਨੂੰ ਅਸਲੀ ਖੁਸ਼ੀ ਪਰਾਪਤ ਹੋਈ ਹੈ, ਸਾਨੂੰ ਸਾਡੀ ਅਜੋਕੀ ਅਵਸਥਾ ਨਾਲੋਂ ਕਿਤੇ ਬਿਹਤਰ ਅਵਸਥਾ ਦੀ ਕੋਈ ਚਾਹ ਨਹੀਂ ਹੈ।"

ਮਹਿਮਾਨ ਹੈਰਾਨ ਰਹਿ ਗਏ ਅਤੇ ਮਾਲਕ ਵੀ। ਇਥੋਂ ਤਕ ਕਿ ਉਸਨੇ ਉਠ ਕੇ ਪਰਦਾ ਸਰਕਾ ਦਿਤਾ ਤਾਂ ਜੋ ਮਾਈ ਦੇ ਚੇਹਰੇ ਦੇ ਹਾਵ ਭਾਵ ਦੇਖ ਸਕੇ। ਅੰਦਰ ਉਹ ਆਪ-ਣੀਆਂ ਬਾਹਾਂ ਨੂੰ ਛਾਤੀ ਤੇ ਇਕਠੀਆਂ ਕੀਤੀ ਖੜੀ ਆਪਣੇ ਬੁਢੇ ਪਤੀ ਵਲ ਦੇਖ ਦੇਖ ਮੁਸਕਰਾ ਰਹੀ ਸੀ, ਉਹ ਵੀ ਉਸ ਵਲ ਮੁਸਕਰਾਇਆ ਸੀ।

ਮਾਈ ਨੇ ਗੱਲ ਜਾਰੀ ਰੱਖੀ। "ਮੈਂ ਮਖ਼ੌਲ ਨਹੀਂ ਕਰ ਰਹੀ ਹਾਂ, ਸੱਚ ਕਹਿ ਰਹੀ ਹਾਂ। ਅੱਧੀ ਸਦੀ ਤਕ ਅਸੀਂ ਪਰਸੰਨਤਾ ਪਰਾਪਤੀ ਦੇ ਲਈ ਸਹਿਕਦੇ ਰਹੇ ਪਰ ਕਦੇ ਵੀ ਪਰਾਪਤ ਨਾ ਹੋਈ। ਹੁਣ, ਜਦੋਂ ਸਾਡੇ ਪੱਲੇ ਕੁਝ ਨਹੀਂ ਹੈ ਤੇ ਅਸੀਂ ਮਜ਼ਦੂਰੀ ਕਰ ਰਹੇ ਹਾਂ, ਤਾਂ ਸਾਨੂੰ ਇਤਨੀ ਪਰਸੰਨਤਾ ਪਰਾਪਤ ਹੋਈ ਹੈ ਕਿ ਹੁਣ ਹੋਰ ਵਧ ਕਿਸੇ ਗੱਲ ਦੀ ਚਾਹ ਹੀ ਨਹੀਂ ਰਹੀ ਹੈ।

ਪਰ ਤੁਹਾਨੂੰ ਖੁਸ਼ੀ ਕਿਸ ਚੀਜ਼ ਤੋਂ ਹੈ?" ਮਹਿਮਾਨ ਨੇ ਜਾਨਣਾ ਚਾਹਿਆ।

ਉਹ ਮੁਸਕਰਾਈ। ਹਾਂ ਸਾਨੂੰ ਖੁਸ਼ੀ ਇੰਜ ਹੈ ਕਿ ਜਦੋਂ ਮੈਂ ਅਤੇ ਮੇਰਾ ਪਤੀ ਅਮੀਰ ਸੀ ਤਾਂ ਸਾਨੂੰ ਇਤਨੀਆਂ ਗੱਲਾਂ ਦਾ ਫਿਕਰ ਹੁੰਦਾ ਸੀ ਕਿ ਸਾਨੂੰ ਆਪੋ ਵਿਚ ਗੱਲਬਾਤ ਕਰਨ ਤਕ ਦਾ ਸਮਾਂ ਨਹੀਂ ਸੀ ਮਿਲਦਾ, ਆਪਣੀਆਂ ਆਤਮਾਵਾਂ ਬਾਰੇ ਸੋਚਣ ਅਤੇ ਰੱਬ ਦਾ ਧਿਆਨ ਕਰਨ ਤਕ ਦੀ ਵੇਲ੍ਹ ਨਹੀਂ ਸੀ ਹੁੰਦੀ। ਕਦੇ ਸਾਡੇ ਮਹਿਮਾਨ ਆਏ ਰਹਿੰਦੇ ਅਤੇ ਉਹਨਾਂ ਦੇ ਭੋਜਨ ਆਦਿ ਬਾਰੇ ਸੋਚਣਾ ਹੁੰਦਾ। ਉਹਨਾਂ ਨੂੰ ਭੇਟ ਕਰਨ ਲਈ ਸੁਗਾਤ ਬਾਰੇ ਚਿੰਤਾ ਰਹਿੰਦੀ ਤਾਂ ਜੋ ਉਹ ਸਾਡੇ ਬਾਰੇ ਕੋਈ ਮੰਦਭਾਵਨਾ ਲੈ ਕੇ ਨਾ ਜਾਣ। ਉਹਨਾਂ ਦੇ ਜਾਣ ਪਿਛੋਂ ਸਾਨੂੰ ਆਪਣੇ ਕਾਮਿਆਂ ਦਾ ਧਿਆਨ ਰਖਣਾ ਪੈਂਦਾ ਜੋ ਕਿ ਕੰਮ ਤੋਂ ਹਮੇਸ਼ਾ ਟਿਭਦੇ ਸਨ ਪਰ ਖਾਣ ਲਈ ਵਧੀਆ ਚਾਂਹਦੇ ਸਨ ਜਦੋਂ ਕਿ ਸਾਡੀ ਕੋਸ਼ਿਸ਼ ਹੁੰਦੀ ਸੀ ਕਿ ਜਿਤਨਾ ਵਧ ਤੋਂ ਵਧ ਲਾਹਾ ਅਸੀਂ ਉਹਨਾਂ ਪਾਸੋਂ ਲੈ ਸ਼ਕੀਏ ਲੈ ਲਈਏ। ਇਸ ਪਰਕਾਰ ਦੇ ਪਾਪ ਕਰਦੇ ਰਹਿੰਦੇ। ਫੇਰ ਸਾਨੂੰ ਚਿੰਤਾ ਲਗੀ ਰਹਿੰਦੀ ਕਿ ਕੋਈ ਬਾਘ ਕਿਸੇ ਪਸ਼ੂ ਨੂੰ ਮਾਰ ਨਾ ਦੇਵੇ, ਕੋਈ ਚੋਰ ਸਾਡੇ ਘੋੜੇ ਚੁਰਾ ਕੇ ਨਾ ਲੈ ਜਾਵੇ। ਅਸੀਂ ਰਾਤ ਰਾਤ ਭਰ ਜਾਗਦੇ ਰਹਿੰਦੇ ਕਿ ਮਤੇ ਕੋਈ ਭੇਡ ਆਪਣੇ ਲੇਲੇ ਨੂੰ ਹੇਠਾਂ ਲੈ ਕੇ ਮਾਰ ਛੱਡੇ। ਅਸੀਂ ਵਾਰ ਵਾਰ ਉਠ ਕੇ ਦੇਖਦੇ ਰਹਿੰਦੇ ਕਿ ਸਭ ਅਛਾ ਹੈ ਕਿ ਨਹੀਂ। ਇਕ ਚੀਜ਼ ਨੂੰ ਸੰਭਾਲ ਲੈਂਦੇ ਤਾਂ ਕੋਈ ਹੋਰ ਮਸਲਾ ਉਠ ਖੜੋਂਦਾ, ਜਿਵੇਂ ਸਿਆਲ ਦੇ ਲਈ ਚੋਖੀ ਮਾਤਰਾ ਵਿਚ ਚਾਰਾ ਕਿਵੇਂ ਪਰਾਪਤ ਕੀਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਹੁੰਦਾ ਕਿ ਅਕਸਰ ਸਾਡੀ ਦੋਹਾਂ ਦੀ ਰਾਏ ਨਾ ਮਿਲਦੀ ਅਸੀਂ ਝਗੜਦੇ ਬਹਿਸ ਕਰਦੇ ਰਹਿੰਦੇ ਅਤੇ ਇੰਝ ਪਾਪ ਦੇ ਭਾਗੀ ਬਣਦੇ ਰਹਿੰਦੇ ਸੀ। ਬਸ ਜੀ, ਅਸੀਂ ਇਕ ਤੋਂ ਬਾਅਦ ਦੂਸਰੇ ਮਸਲੇ ਵਿਚ ਉਲਝੇ ਰਹਿੰਦੇ ਅਤੇ ਇਕ ਤੋਂ ਬਾਅਦ ਦੂਸਰਾ ਪਾਪ ਹੁੰਦਾ ਰਹਿੰਦਾ ਸੀ ਤੇ ਖੁਸ਼ੀ ਨਹੀਂ ਮਿਲਦੀ।

"ਅਛਾ, ਫੇਰ ਹੁਣ?"

"ਹੁਣ, ਜਦੋਂ ਅਸੀਂ ਦੋਵੇਂ ਸਵੇਰੇ ਜਾਗਦੇ ਹਾਂ ਤਾਂ ਪਿਆਰ ਅਤੇ ਸਨੇਹ ਭਰੇ ਸ਼ਬਦਾਂ ਦਾ ਵਟਾਂਦਰਾ ਕਰਦੇ ਹਾਂ



Sri Satguru Jagjit Singh Ji eLibrary NamdhariElibrary@gmail.com

ਅਤੇ ਕੋਈ ਲਗੜ ਬਹਿਸ ਦਾ ਮਾਮਲਾ ਹੀ ਨਾ ਹੋਣ ਕਰਕੇ ਦੋਵੇਂ ਜਣੇ ਸ਼ਾਂਤੀ ਵਿਚ ਰਹਿੰਦੇ ਹਾਂ। ਸਾਨੂੰ ਆਪਣੇ ਮਾਲਕ ਦੀ ਚੰਗੀ ਤਰ੍ਹਾਂ ਨਾਲ ਸੇਵਾ ਕਰਨ ਤੋਂ ਇਲਾਵਾ ਹੋਰ ਕੋਈ ਚਿੰਤਾ ਹੈ ਹੀ ਨਹੀਂ ਹੁਣ। ਅਸੀਂ ਯਥਾ ਸ਼ਕਤੀ ਕੰਮ ਕਰਦੇ ਹਾਂ ਅਤੇ ਪੂਰੇ ਮਨ ਨਾਲ ਕਰਦੇ ਹਾਂ ਤਾਂ ਜੋ ਸਾਡੇ ਮਾਲਕ ਨੂੰ ਕੋਈ ਘਾਟਾ ਨਾ ਹੋਵੇ, ਸਗੋਂ ਸਾਡੇ ਕਾਰਨ ਕੁਝ ਲਾਭ ਹੋਵੇ। ਜਦੋਂ ਅਸੀਂ ਅੰਦਰ ਆਂਦੇ ਹਾਂ ਤਾਂ ਦੋਵੇਂ ਵੇਲੇ ਖਾਣ ਪੀਣ ਲਈ ਸਭ ਕੁਝ ਪਰੋਸਿਆ ਹੋਇਆ ਮਿਲਦਾ ਹੈ। ਠੰਡ ਵਿਚ ਜਲਾਣ ਲਈ ਬਾਲਣ ਹੁੰਦਾ ਹੈ ਅਤੇ ਸਾਡੇ ਪਾਸ ਫ਼ਰ ਦੇ ਚੋਗੇ ਹਨ। ਸਾਡੇ ਪਾਸ ਬਾਤਚੀਤ ਕਰਨ ਲਈ ਸਮਾਂ ਹੈ, ਆਪਣੀ ਆਤਮਾ ਬਾਰੇ ਸੋਚਣ ਅਤੇ ਪਰਾਰਥਨਾ ਕਰਨ ਲਈ ਵਕਤ ਹੁੰਦਾ ਹੈ। ਅਸੀਂ ਪੰਜਾਹ ਵਰ੍ਹੇ ਖੁਸ਼ੀ ਦੀ ਭਾਲ ਵਿਚ ਰਹੇ ਹਾਂ, ਅਖ਼ੀਰ ਹੁਣ ਜਾ ਕੇ ਉਹ ਸਾਨੂੰ ਪਰਾਪਤ ਹੋਈ ਹੈ।"

ਸਾਰੇ ਮਹਿਮਾਨ ਇਹ ਸੁਣ ਕੇ ਹੱਸ ਪਏ। ਪਰ ਇਲਿਆਸ ਨੇ ਕਿਹਾ :—

"ਹਸੋ ਨਾ ਦੋਸਤੋ। ਇਹ ਕੋਈ ਮਖ਼ੌਲ ਵਾਲੀ ਗੱਲ ਨਹੀਂ ਹੈ—ਇਹ ਜ਼ਿੰਦਗੀ ਦਾ ਯਥਾਰਥ ਹੈ। ਪਹਿਲਾਂ ਪਹਿਲ ਅਸੀਂ ਵੀ ਮੂਰਖ ਸੀ ਅਤੇ ਆਪਣੀ ਦੌਲਤ ਦੇ ਚਲੀ ਜਾਣ ਤੇ ਰੋਏ ਸੀ ਪਰ ਹੁਣ ਰੱਬ ਨੇ ਸਾਨੂੰ ਚਾਨਣ ਕਰ ਦਿਤਾ ਹੈ, ਅਸੀਂ ਇਹ ਕੁਝ ਤੁਹਾਨੂੰ ਆਪਣੀ ਢਾਰਸ ਬਨਾਣ ਦੇ ਲਈ ਨਹੀਂ ਕਹਿ ਰਹੇ ਸਗੋਂ ਇਹ ਕੁਝ ਤੁਹਾਡੇ ਭਲੇ ਦੇ ਲਈ ਆਖ ਰਹੇ ਹਾਂ। ਅਤੇ ਮੁਲਾ ਨੇ ਕਿਹਾ—

ਬਹੁਤ ਸਿਆਣਪ ਭਰੀ ਗੱਲ ਕਹੀ ਹੈ। ਇਲਿਆਸ ਨੇ ਸੱਚ ਦੀ ਸਹੀ ਵਿਆਖਿਆ ਕੀਤੀ ਹੈ। ਇਹੋ ਕੁਝ ਪਵਿਤ੍ਰ ਪੁਸਤਕ ਵਿਚ ਵੀ ਦਰਜ ਹੈ।

ਇਸ ਤੇ ਮਹਿਮਾਨ ਦਾ ਹਾਸਾ ਬੰਦ ਹੋ ਗਿਆ ਤੇ ਉਹ ਗੰਭੀਰ ਹੋ ਕਿ ਵਿਚਾਰਾਂ ਵਿਚ ਗੁੰਮ ਹੋ ਗਏ।

×


REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER

Phone : 3805

## MODERN GUN WORKS

Opp. Industrial Estate,

JAMMU CANTT.





Sri Satguru Jagjit Singh Ji eLibrary NamdhariElibrary@gmail.com

# ਕੂਕਾ ਸਾਕੇ ਦਾ ਗਵਾਹ : ਕਿਲ੍ਹਾ ਰਹਿਮਤਗੜ੍ਹ-ਮਲੇਰਕੋਟਲਾ

—ਡਾ: ਨਰੇਸ਼

ਰਿਆਸਤ ਦਾ ਰੂਪ ਧਾਰਨ ਤੋਂ ਪਹਿਲਾਂ ਮਾਲੇਰਕੋਟਲਾ ਅਫ਼ਗਾਨ ਪਠਾਨਾਂ ਦੀ ਜਾਗੀਰ ਸੀ, ਜੋ ਉਹਨਾਂ ਦੇ ਪੁਰਖੇ ਹਜ਼ਰਤ ਸ਼ੇਖ ਸਦਰ-ਉਦ-ਦੀਨ ਸਦਰੇ ਜਹਾਂ ਨੂੰ ਬਹਿਲੋਲ ਲੋਧੀ ਦੀ ਲੜਕੀ ਤਾਜ ਮੁਰੱਸਾ ਬੇਗਮ ਨਾਲ ਵਿਆਹ ਕਰਾਉਣ ਸਮੇਂ ਦਾਜ ਵਿਚ ਮਿਲੀ ਸੀ। ਸਦਰ-ਉਦ-ਦੀਨ (੧੪੫੦-੧੫੧੪) ਤੋਂ ਲੈਕੇ ਫ਼ਤਹਿ ਮੁਹੰਮਦ ਖ਼ਾਂ (੧੫੬੬-੧੬੦੪) ਦੇ ਸਮੇਂ ਤਕ ਇਸਦਾ ਰੂਪ ਜਾਗੀਰ ਦਾ ਹੀ ਰਿਹਾ ਅਤੇ ਇਸਦੇ ਮਾਲਿਕਾਂ ਨੂੰ 'ਖ਼ਾਨ' ਤੇ 'ਰਈਸ' ਆਖਿਆ ਜਾਂਦਾ ਰਿਹਾ। 'ਨਵਾਬ' ਦਾ ਖ਼ਿਤਾਬ ਸਦਰ-ਉਦ-ਦੀਨ ਦੀ ਪੰਜਵੀਂ ਪੀੜ੍ਹੀ ਵਿਚ ਹੋਏ ਬਾਇਜ਼ੀਦ ਖ਼ਾਂ ਨੂੰ ਮਿਲਿਆ ਜਿਸਦਾ ਸਮਾਂ ਸੰਨ ੧੬੦੪-੧੬੫੯ ਹੈ। ਉਦੋਂ ਹੀ ਇਸ ਜਾਗੀਰ ਨੇ ਰਿਆਸਤ ਦਾ ਰੂਪ ਧਾਰਨ ਕੀਤਾ। ਮਾਲੇਰਕੋਟਲਾ ਦਾ ਅਸਲ ਨਾਂ 'ਕੋਟਲਾ ਮਾਲੇਰ' ਹੈ ਅਤੇ ਸੰਨ ੧੯੦੧ ਤੱਕ, ਜਦੋਂ ਮੋਤੀ ਬਾਜ਼ਾਰ ਨੇ ਹੋਂਦ ਵਿਚ ਆ ਕੇ ਇਹਨਾਂ ਦੋ ਬਸਤੀਆਂ 'ਕੋਟਲਾ' ਅਤੇ 'ਮਾਲੇਰ' ਨੂੰ ਜੋੜ ਕੇ ਇੱਕ ਕੀਤਾ, ਇਹ ਦੋਵੇਂ ਇਲਾਕੇ ਵੱਖ ਵੱਖ ਹੁੰਦੇ ਸਨ। ਕੋਟਲਾ-ਮਾਲੇਰ ਦੇ ਹਾਕਿਮਾਂ ਚੋਂ ਜਦੋਂ ਨਵਾਬ ਜਮਾਲ ਖ਼ਾਂ (੧੭੧੨-੧੭੫੯) ਦੀ ਮ੍ਰਿਤੂ ਹੋਈ ਤਾਂ ਇਸ ਰਿਆਸਤ ਨੂੰ ਬੜੀ ਦੇਰ ਤਕ ਕੋਈ ਵਧੀਆ ਨਵਾਬ ਨਸੀਬ ਨਾ ਹੋਇਆ। ਇਤਿਹਾਸ ਦੀ ਇੱਕ ਬੜੀ ਅਜੀਬ ਘਟਨਾ ਇਸ ਦੌਰ ਵਿਚ ਵਾਪਰੀ। ਉਹ ਇਹ ਕਿ ਨਵਾਬ ਜਮਾਲ ਖ਼ਾਂ ਦੇ ਮਗਰੋਂ ਉਸਦੇ ਪੰਜਾਂ ਪੁੱਤਰਾਂ ਭੀਖਨ ਖਾਂ, ਬਹਾਦਰ ਖ਼ਾਂ, ਉਮਰ ਖ਼ਾਂ, ਅਸਦ ਉੱਲਾ ਖ਼ਾਂ ਅਤੇ ਅਤਾਉੱਲਾ ਖ਼ਾਂ ਨੇ ਵਾਰੀ ਵਾਰੀ ਥੋੜ੍ਹੇ ਥੋੜ੍ਹੇ ਸਮੇਂ ਲਈ ਇਸ ਰਿਆਸਤ ਤੇ ਰਾਜ ਕੀਤਾ ਅਤੇ ਪੰਜਵੇਂ ਪੁੱਤਰ ਅਤਾ ਉੱਲਾ ਖ਼ਾਂ (੧੭੯੧-੧੮੧੦) ਦੇ ਮਰਨ ਤੇ ਰਾਜ ਭਾਗ ਉਸਦੇ ਪੁੱਤਰ ਰਹਿਮਤ ਅਲੀ ਖਾਂ ਦੇ ਹੱਥ ਆਉਣ ਦੀ ਥਾਂ ਤੇ ਵੱਡੇ ਪੁੱਤਰ ਭੀਖਨ ਖ਼ਾਂ ਦੀ ਔਲਾਦ ਦੇ ਹੱਥ ਚਲਿਆ ਗਿਆ। ਅਤੇ ਭੀਖਨ ਖ਼ਾਂ ਦਾ ਵੱਡਾ ਪੁੱਤਰ ਵਜ਼ੀਰ ਅਲੀ ਖ਼ਾਂ ਇਥੋਂ ਦਾ ਨਵਾਬ ਬਣ ਗਿਆ।

ਜਦੋਂ ਨਵਾਬ ਅਤਾ ਉੱਲਾ ਖ਼ਾਂ ਦਾ 'ਕੋਟਲਾ ਮਾਲੇਰ' ਤੇ ਰਾਜ ਸੀ, ਉਦੋਂ ਤਕ ਇਸ ਰਿਆਸਤ ਦੇ ਇਤਿਹਾਸ ਵਿਚ ਅਨੇਕਾਂ ਮਹਤਵਪੂਰਨ ਘਟਨਾਵਾਂ ਵਾਪਰ ਚੁਕੀਆਂ ਸਨ। ਮੁਗ਼ਲਾਂ ਦੇ ਦੌਰ ਦੀ ਸਮਾਪਤੀ ਦੇ ਨਾਲ ਹੀ, ਇਥੋਂ ਦੇ ਨਵਾਬ ਜਮਾਲ ਖ਼ਾਂ ਨੇ ਮੁਗ਼ਲਾਂ ਪ੍ਰਤੀ ਰਿਆਸਤ ਦੀ ਸਦੀਆਂ ਪੁਰਾਣੀ ਵਫ਼ਾਦਾਰੀ ਨੂੰ ਦੁੱਰਾਨੀ ਪਰੀਵਾਰ ਲਈ ਰਾਖਵਾਂ ਕਰ ਦਿਤਾ ਸੀ। ਆਲਾ ਸਿੰਘ ਪਟਿਆਲਾ ਦੇ ਨਾਲ ਰਿਆਸਤ ਦਾ ਟਕਰਾਓ ਹੋ ਚੁੱਕਾ ਸੀ ਅਤੇ ਸਿੱਖਾਂ ਨਾਲ ਇਸ ਰਿਆਸਤ ਦੇ ਸੰਬੰਧ ਦੁਸ਼ਮਣੀ ਵਾਲੇ ਹੋ ਚੁੱਕੇ ਸਨ। ਨਵਾਬ ਅਤਾਉੱਲਾ ਖ਼ਾ ਨੇ ਗੱਦੀ-ਨਸ਼ੀਨ ਹੁੰਦਿਆਂ ਹੀ ਰਿਆਸਤ ਦੀਆਂ ਇਹਨਾਂ ਕਮਜ਼ੋਰੀਆਂ ਤੇ ਝਾਤ ਪਾਈ ਅਤੇ ਉਸਦਾ ਤੌਖਲਾ ਹੋਰ ਵੀ ਵਧ ਗਿਆ। ਇਸ ਸਮੇਂ ਉਸਦੀ ਸੱਜੀ ਬਾਂਹ ਬਣਕੇ ਉਠਿਆ ਉਸਦਾ ਵੱਡਾ ਪੁੱਤਰ ਰਹਿਮਤ ਅਲੀ ਖ਼ਾਂ। ਅਜੇ ਤਕ ਪੂਰੀ ਰਿਆਸਤ ਵਿਚ ਅਜਿਹੀ ਕੋਈ ਇਮਾਰਤ ਨਹੀਂ ਸੀ ਜਿਥੇ ਰਿਆਸਤ ਦਾ ਖਜ਼ਾਨਾ ਸੁਰਖਿਅਤ ਰਹਿ ਸਕੇ ਜਾਂ ਰਿਆਸਤ ਦੇ ਹੁਕਮਰਾਨ ਪਰੀਵਾਰਾਂ ਨੂੰ ਹੀ ਸੁਰਖਿਆ ਪ੍ਰਦਾਨ ਕੀਤੀ ਜਾ ਸਕੇ। ਰਿਆਸਤ ਦੀ ਮਾਲੀ ਹਾਲਤ ਮਾੜੀ ਹੁੰਦਿਆਂ ਹੋਇਆਂ ਵੀ, ਆਪਣੀ ਸੂਝਬੂਝ ਰਾਹੀਂ ਰਹਿਮਤ ਖ਼ਾਂ ਨੇ ਉੱਦਮ ਅਰੰਭਿਆ ਅਤੇ ਉਸ ਕਿਲ੍ਹੇ ਦੀ ਤਾਮੀਰ ਦਾ ਬੀੜਾ ਚੁੱਕਿਆ, ਜੋ ਪਿਛਲੀਆਂ ਦੋ ਸਦੀਆਂ ਤੋਂ ਮਾਲੇਰਕੋਟਲਾ ਦੀ ਧਰਤੀ ਤੇ ਬਰਾਜਮਾਨ ਖਲੋਤਾ ਹੈ। ਉਸਦੇ ਨਾਂ ਤੇ ਹੀ ਇਸ ਕਿਲ੍ਹੇ ਦਾ ਨਾਂ 'ਰਹਿਮਤਗੜ੍ਹ' ਰਖਿਆ ਗਿਆ।

ਕਿਲ੍ਹਾ ਰਹਿਮਤਗੜ੍ਹ ਜਦੋਂ ਆਪਣੀ ਸੁਣੱਖੀ ਤਾਮੀਰ ਅਤੇ ਹਿਫ਼ਾਜ਼ਤਬਖ਼ਸ਼ ਉੱਚੀਆਂ ਉੱਚੀਆਂ ਕੰਧਾਂ ਨਾਲ ਕੋਟਲਾ ਸ਼ਹਿਰ ਦੇ ਦੱਖਣ-ਪੂਰਬੀ ਭਾਗ ਵਿਚ, ਸ਼ਹਿਰ ਦੀ ਵਸੋਂ ਤੋਂ ਡੇਢ ਮੀਲ ਦੇ ਫਾਸਲੇ ਤੇ ਨਮੂਦਾਰ ਹੋਇਆ, ਤਾਂ ਇਸ ਵਿਚ ਨਾ ਕੇਵਲ ਸਰਕਾਰੀ ਖਜ਼ਾਨਾ ਹੀ ਰਖਿਆ ਗਿਆ ਸਗੋਂ ਇਹ ਕਿਲ੍ਹਾ ਨਵਾਬ ਅਤੇ ਨਵਾਬ ਦੇ ਖ਼ਾਨਦਾਨ ਦੇ ਨਿਵਾਸ ਦੀ ਥਾਂ ਵੀ ਬਣਿਆ। ਉੱਨੀਵੀਂ ਸਦੀ ਦੇ ਆਰੰਭ ਵਿਚ ਰਿਆਸਤ ਦੇ ਲਗਪਗ ਸਾਰੇ ਦਫ਼ਤਰ ਤੇ ਕਚਿਹਰੀਆਂ ਇਸ ਕਿਲ੍ਹੇ ਦੇ ਅੰਦਰ ਕਾਇਮ ਹੋਈਆਂ। ਹੌਲੀ-ਹੌਲੀ ਇਸ ਥਾਂ ਦੀ ਸੁਰਖਿਆ ਨੇ ਸਾਧਾਰਨ ਲੋਕਾਂ ਨੂੰ ਵੀ ਖਿੱਚ ਪਾਈ ਅਤੇ ਕਿਲ੍ਹੇ ਤੋਂ ਥੋੜ੍ਹੀ ਜਿਹੀ ਵਿੱਥ ਤੇ ਇਕ ਬਸਤੀ ਹੋਂਦ ਵਿਚ ਆਈ, ਜਿਸ ਦਾ ਨਾਂ 'ਰਹਿਮਤਗੜ੍ਹ' ਹੀ ਮਸ਼ਹੂਰ ਹੋ ਗਿਆ। ਅੱਜ ਇਹ ਕਿਲ੍ਹਾ, ਇਕੱਲ ਦੇ ਸੰਤਾਪ ਦਾ ਮਾਰਿਆ, ਕਿਸੇ ਵੀ ਇਨਸਾਨੀ ਛੋਹ ਤੋਂ ਮੁਥਾਜ ਖਲੋਤਾ ਹੈ ਅਤੇ ਇਸਦੇ ਲਾਗੇ ਦੀ ਉਹ ਪੁਰਾਤਨ ਬਸਤੀ ਸੰਘਣੀ ਵਸੋਂ ਨਾਲ ਠਾਠਾਂ ਮਾਰ ਰਹੀ ਹੈ। ਮਿਊਂਸਪੈਲਟੀ ਦੇ ਇਕ ਵੱਖਰੇ ਵਾਰਡ ਦਾ ਰੂਪ ਧਾਰਨ ਵਾਲੀ ਇਹ ਬਸਤੀ, ਕੁਝ ਵਰ੍ਹੇ ਪਹਿਲਾਂ ਤਕ ਇਕ ਪਿੰਡ ਜਾਪਿਆ ਕਰਦੀ ਸੀ, ਪਰ 'ਬਾਈਪਾਸ' ਨਾਂ ਦੀ ਸੜਕ ਨਿਕਲਣ ਤੇ ਹੁਣ ਇਹ ਸ਼ਹਿਰ ਦਾ ਭਾਗ ਹੀ ਪ੍ਰਤੀਤ ਹੁੰਦੀ ਹੈ।

ਆਪਣੀ ਹੋਂਦ ਦੇ ਆਰੰਭਿਕ ਦਿਨਾਂ ਤੋਂ ਹੀ ਇਸ



Sri Satguru Jagjit Singh Ji eLibrary NamdhariElibrary@gmail.com

ਕਿਲੇ ਦੀ ਹਿੱਕ ਤੇ ਅੰਗਰੇਜ਼ਾਂ ਦੀਆਂ ਪੈੜਾਂ ਦੇ ਨਿਸ਼ਾਨ ਉਭਰਣ ਲੱਗੇ ਹੋਇਆ ਇਹ ਕਿ ਇਸ ਕਿਲੇ ਦੇ ਜਨਮਤੋਂ ਕੁਝ ਵਰ੍ਹੇ ਪਹਿਲਾਂ ਹੀ ਬੇਦੀ ਸਾਹਿਬ ਸਿੰਘ ਊਨਾ ਨੇ ਮਾਲੇਰਕੋਟਲਾ ਤੇ ਹਮਲਾ ਕੀਤਾ। ਮਾਲੇਰਕੋਟਲਾ ਨੇ ਇਸ ਹਮਲੇ ਦਾ ਮੂੰਹ ਤਾਂ ਮੋੜ ਦਿੱਤਾ ਪਰ ਨਵਾਬ ਅਤਾ ਉੱਲਾ ਖਾਂ ਦੇ ਮਨ ਵਿਚ ਸਿੱਖਾਂ ਦਾ ਭੈ ਬੈਠ ਗਿਆ। ਆਪਣੀ ਰਿਆਸਤ ਦੀ ਸੁਰਖਿਆ ਲਈ ਉਸ ਨੇ ਈਸਟ ਇੰਡੀਆਂ ਕੰਪਨੀ ਦੀ ਸ਼ਰਨ ਲੈ ਲਈ ਅਤੇ ਕੰਪਨੀ ਪ੍ਰਤੀ ਆਪਣੀ ਵਫ਼ਾਦਾਰੀ ਦੇ ਸਬੂਤ ਵਿਚ ਲਾਰਡ ਲੇਕ ਦੀ ਉਸ ਸਮੇਂ ਮਦਦ ਕੀਤੀ ਜਦੋਂ ਉਹ ਸਿੰਧੀਆਂ, ਹੋਲਕਰ ਅਤੇ ਮਰਹੱਟਿਆਂ ਨਾਲ ਲੜ ਰਿਹਾ ਸੀ। ਇਸ ਵਫ਼ਾਦਾਰੀ ਦਾ ਬਦਲਾ ਅੰਗਰੇਜ਼ਾਂ ਨੇ ਕੁਝ ਵਰ੍ਹਿਆਂ ਮਗਰੋਂ ਹੀ ਚੁਕਾ ਦਿੱਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਇਸ ਰਿਆਸਤ ਨੂੰ ਲੁੱਟਣ ਦੀ ਗਰਜ਼ ਨਾਲ ਇਥੇ ਪੁੱਜਾ ਤਾਂ ਮਿਸਟਰ ਮੈਕਾਲਿਫ਼ ਦੀ ਮੁਦਾਖਲਤ ਨਾਲ ਹੀ ਇਹ ਰਿਆਸਤ ਲੁੱਟ-ਖਸੁੱਟ ਤੋਂ ਬਚ ਸਕੀ ਸੀ। ਜਿਹੜੇ ਪਿੰਡ ਰਾਹ ਜਾਂਦਿਆਂ ਰਣਜੀਤ ਸਿੰਘ ਨੇ ਇਸ ਰਿਆਸਤ ਪਾਸੋਂ ਖੋਹ ਲਏ ਸਨ, ਉਹ ਵੀ ਸਰ ਓਕਟਰਲੋਨੀ ਨੇ ੧੮੦੯ ਵਿਚ ਮਾਲੇਰਕੋਟਲਾ ਆਕੇ, ਮੁੜ ਇਸ ਰਿਆਸਤ ਨੂੰ ਦੁਆ ਦਿੱਤੇ। ਉਦੋਂ ਤੋਂ ਲੈਕੇ ੧੯੪੭ ਤੀਕ ਇਹ ਰਿਆਸਤ ਅੰਗਰੇਜ਼ਾਂ ਪ੍ਰਤੀ ਵਫ਼ਾਦਾਰ ਰਹੀ ਅਤੇ ਕਿਸੇ ਮੌਕੇ ਤੇ ਵੀ ਇਸਦੀ ਵਫ਼ਾਦਾਰੀ ਵਿਚ ਫ਼ਰਕ ਨਹੀਂ ਆਇਆ।

ਇਸ ਘਟਨਾ ਤੋਂ ਮਗਰੋਂ ਇਸ ਕਿਲੇ ਦੀਆਂ ਫੌਜਾਂ ਅੰਗਰੇਜ਼ਾਂ ਦੇ ਇਸ਼ਾਰਿਆਂ ਤੇ ਨੱਚਦੀਆਂ ਰਹੀਆਂ। ੧੮੩੯ ਵਿਚ ਅਮੀਰ ਖਾਂ ਆਪਣੀ ਫੌਜ ਸਮੇਤ ਕਾਬਲ ਦੀ ਪਹਿਲੀ ਜੰਗ 'ਚ ਸ਼ਮਿਲ ਹੋਇਆ। ੧੮੪੫-੪੬ ਦੀ ਸਿੱਖਾਂ ਦੀ ਪਹਿਲੀ ਲੜਾਈ ਵਿਚ ਵੀ ਇਸ ਕਿਲੇ ਦੀਆਂ ਫੌਜਾਂ ਅੰਗਰੇਜ਼ਾਂ ਦੀ ਪਿੱਠ ਤੇ ਰਹੀਆਂ। ਇਸ ਕਿਲੇ ਨੇ ਰਿਆਸਤ ਦੀ ਆਬੋ-ਤਾਬ ਦੀ ਪਹਿਲੀ ਝਲਕ ਉਦੋਂ ਵੇਖੀ ਜਦੋਂ ਇਸਦੀ ਬੁੱਕਲ ਵਿਚ ਬੈਠ ਕੇ ਲਾਰਡ ਹਾਰਡਿੰਗ ਨੇ ਨਵਾਬ ਮਹਿਬੂਬ ਅਲੀ ਖ਼ਾਂ ਦੇ ਸਿਰ ਤੇ ਤਾਜ ਧਰਿਆ ਸੀ। ੧੮੫੭ ਦੇ ਸੁਤੰਤਰਤਾ ਸੰਗਰਾਮ ਸਮੇਂ ਇਸ ਰਿਆਸਤ ਨੂੰ ਸਰਹਿੰਦ ਤੋਂ ਕਰਨਾਲ ਤੱਕ ਜੀ.ਟੀ. ਰੋਡ ਦੀ ਹਿਫਾਜ਼ਤ ਦਾ ਕੰਮ ਮਿਲਿਆ, ਜੋ ਇਸਨੇ ਵਫ਼ਾਦਾਰੀ ਨਾਲ ਸਿਰੇ ਚਾੜ੍ਹਿਆ।

ਇਹ ਕਿਲਾ ਇੱਕ ਹੋਰ ਬਹੁਤ ਵੱਡੀ ਇਤਿਹਾਸਕ ਘਟਨਾ ਦਾ ਵੀ ਗਵਾਹ ਹੈ। ਉਹ ਘਟਨਾ ਹੈ, ਨਾਮਧਾਰੀਆਂ ਦਾ ਅੰਦੋਲਨ। ਨਵਾਬ ਇਬਰਾਹੀਮ ਅਲੀ ਖ਼ਾਂ ਦੇ ਸਮੇਂ ਜਦੋਂ ਮਾਲੇਰਕੋਟਲਾ ਦੇ ਬੁਚੜਖ਼ਾਨਿਆਂ ਵਿਚ ਗਊਆਂ ਦੇ ਕਤਲ ਦੀ ਇਜਾਜ਼ਤ ਦਿੱਤੀ ਗਈ, ਤਾਂ ਨਾਮਧਾਰੀ ਧਰਮ ਪ੍ਰੇਮੀ ਯੋਧਿਆਂ ਕੋਲੋਂ ਸਹਿਣ ਨਾ ਹੋਇਆ। ਉਹਨਾਂ ਮਾਲੇਰਕੋਟਲਾ ਤੇ ਹਮਲਾ ਕੀਤਾ ਤੇ ਸ਼ਹਾਦਤ ਦੇ ਜਾਮ ਭਰ ਭਰ ਪੀਤੇ। ਇਸ ਕਿਲੇ ਚੋਂ ਨਿਕਲ ਕੇ ਸਰਦਾਰ ਸਮਦ ਖਾਂ ਨੇ ਕੂਕਾ ਸਰਦਾਰ ਹੀਰਾ ਸਿੰਘ ਨਾਲ ਟੱਕਰ ਲਈ ਅਤੇ ਇਸ ਕਿਲੇ ਅੰਦਰ ਹੋਈ ਅੰਗਰੇਜ਼-ਪਟਿਆਲਾ-ਮਾਲੇਰਕੋਟਲਾ-ਸਾਜ਼ਿਸ਼ ਅਧੀਨ ੬੮ ਕੂਕੇ ਗ੍ਰਿਫ਼ਤਾਰ ਕੀਤੇ ਗਏ। ਤੇ ਫੇਰ, ਇਸ ਕਿਲੇ ਨੇ ਆਪਣੇ ਸਾਹਮਣੇ ਫੈਲੇ ਕੱਲਰ ਵਿਚ ਜੁੜਿਆ ਸ਼ਹੀਦੀ ਮੇਲਾ ਵੇਖਿਆ। ਨੌਂ ਤੋਪਾਂ ਗੱਡ ਕੇ ਅੰਗਰੇਜ਼ਾਂ ਨੇ ਗ੍ਰਿਫ਼ਤਾਰ ਕੀਤੇ ਕੂਕੇ ਕਤਾਰਾਂਬੱਧੀ ਖਲ੍ਹਾਰ ਕੇ ਭੁੰਨ ਸੁੱਟੇ। ਅਠਾਹਠ ਦੇ ਅਠਾਹਠ ਕੂਕੇ ਹੱਸਦੇ-ਹੱਸਦੇ ਤੋਪਾਂ ਅੱਗੇ ਖਲੋਏ ਅਤੇ ਉਹਨਾਂ ਦੇ ਫ਼ੂੰਦੜੇ ਉੱਡ ਗਏ।[1]

ਵਰਤਮਾਨ ਸਮੇਂ ਇਹ ਕਿਲ੍ਹਾ ਉਜਾੜ ਪਿਆ ਹੈ। ਇਸ ਦਾ ਮੁੱਖ-ਦੁਆਰ ਆਰਜ਼ੀ ਜਿਹੀ ਕੰਧ ਨਾਲ ਬੰਦ ਕੀਤਾ ਪਿਆ ਹੈ। ਕਿਲੇ ਦੇ ਸਾਹਮਣੇ ਛਾਉਣੀ ਦੀਆਂ ਇਮਾਰਤਾਂ ਵੀ ਵੀਰਾਨ ਪਈਆਂ ਹਨ। ਛਾਉਣੀ ਦੀਆਂ ਇਮਾਰਤਾਂ ਤੋਂ ਪਰ੍ਹਾਂ ਜਿਹੜੇ ਕੁਝ ਘਰ ਆਬਾਦ ਹਨ, ਉਹਨਾਂ ਦੀ ਬਦੌਲਤ ਉਹ ਮਸਜਿਦ ਜ਼ਰੂਰ ਆਬਾਦ ਹੈ, ਜੋ ਕਿਲੇ ਦੇ ਸਾਹਮਣੇ ਖਲੋਤੀ ਹੈ। ਕਦੀ ਕਦਾਈਂ ਜਦੋਂ ਇਥੇ ਆਰਮੀ ਦਾ ਪੜਾਅ ਹੁੰਦਾ ਹੈ ਤਾਂ ਇਸ ਕਿਲੇ ਦੇ ਬੁੱਢੇ ਚਿਹਰੇ ਤੇ ਮਾੜੀ ਜਿਹੀ ਰੌਣਕ ਆ ਜਾਂਦੀ ਹੈ, ਨਹੀਂ ਤਾਂ ਚਿੜੀਆਂ ਅਤੇ ਕਬੂਤਰਾਂ ਦਾ ਇਸ ਕਿਲੇ ਤੇ ਨਿਰੰਕੁਸ਼ ਰਾਜ ਹੈ ਅਤੇ ਇਹ ਵਿਸ਼ਾਲ ਇਮਾਰਤ ਆਦਮੀ ਦੀ ਛੋਹ ਨੂੰ ਤਰਸਦੀ ਰਹਿੰਦੀ ਹੈ।

ਪ੍ਰੋਫੈਸਰ ਤੇ ਮੁਖੀ,
ਭਾਈ ਵੀਰ ਸਿੰਘ ਚੇਅਰ
ਪੰਜਾਬੀ ਯੂਨੀਵਰਸਿਟੀ,
ਚੰਡੀਗੜ੍ਹ-੧੪

---

1 ਅਠਾਹਠਾਂ ਚੋਂ ਦੋ ਔਰਤਾਂ ਬਾਦ ਵਿਚ ਰਿਹਾ ਕਰ ਦਿਤੀਆਂ ਸਨ, ਇਕ ਨਾਮਧਾਰੀ ਤਲਵਾਰ ਨਾਲ ਸ਼ਹੀਦ ਕੀਤਾ ਗਿਆ ਸੀ। —ਸੰਪਾਦਕ

'ਅਬਾਬੀਲ ਸੋਚਦੀ ਹੈ'
ਤੋਂ ਬਾਅਦ
ਗੁਰਚਰਨ ਚੀਮਾ ਦਾ ਦੂਸਰਾ ਕਾਵਿ-ਸੰਕਲਨ
**'ਆਕਾਸ਼ ਚੀਖ਼ਦਾ ਹੈ'**
(ਪ੍ਰੈਸ ਵਿਚ)



Sri Satguru Jagjit Singh Ji eLibrary NamdhariElibrary@gmail.com

# ਹਿਤ ਉਪਦੇਸ਼

—ਰਾ ਜੰਦਰ ਸਿੰਘ ਗੁਰੂਸਰ—

ਪੰਚਮ ਸਤਿਕਾਰ ਯੋਗ ਸ੍ਰੀ ਸਤਿਗੁਰੂ ਜੀ, ਵਿਦਵਾਨ ਸਜਣੋ ਅਤੇ ਸਾਧ ਸੰਗਤ। ਮੈਂ ਅਜ ਪਹਿਲੀ ਵਾਰ ਬਚਿਆਂ ਦੇ ਸੰਮੇਲਨ ਵਿਚ ਸ਼ਾਮਲ ਹੋ ਰਿਹਾ ਹਾਂ। ਹੋ ਸਕਦਾ ਹੈ ਉਸ ਕਸਵਟੀ ਉਤੇ ਪੂਰਾ ਨਾ ਉਤਰ ਸਕਾਂ ਜਿਸ ਦੀ ਤੁਸੀਂ ਮੈਥੋਂ ਆਸ ਰਖਦੇ ਹੋਵੋ।

ਨਾਮਧਾਰੀ ਸਾਧ ਸੰਗਤ ਅਤੇ ਬਚਿਆਂ ਤੋਂ ਜੋ ਆਸਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਰਖਦੇ ਹੈਨ—ਜੇ ਉਹਨਾਂ ਉਤੇ ਥੋੜ੍ਹਾ ਬਹੁਤ ਵੀ ਪੂਰੇ ਉਤਰ ਸਕੀਏ, ਤਾਂ ਵੀ ਉਹਨਾਂ ਨੂੰ ਬਹੁਤ ਖੁਸ਼ੀ ਹੋਵੇਗੀ! ਸਤਿਗੁਰੂ ਜੀ ਕੀ ਚਾਹੁੰਦੇ ਹਨ ਏਸ ਦੀ ਥੋੜ੍ਹੀ ਜਿੰਨੀ ਝਲਕ ਮੈਂ ਮਹਾਰਾਜ ਬੀਰ ਸਿੰਘ ਜੀ ਦੀ ਚਿੱਠੀ ਦਾ ਹਵਾਲਾ ਦੇ ਕੇ ਦਸਦਾ ਹਾਂ।

ਮਹਾਰਾਜ ਬੀਰ ਸਿੰਘ ਜੀ ਨੂੰ ਮੈਂ ਵਧਾਈ ਦੀ ਚਿਠੀ ਲਿਖੀ—ਜਿਸ ਦਾ ਮਜ਼ਮੂਨ ਏਸ ਤਰ੍ਹਾਂ ਸੀ? ਸਤਿਕਾਰ ਯੋਗ ਮਹਾਰਾਜ ਜੀ! ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਏਹ ਸੁਣਕੇ ਬੜੀ ਖੁਸ਼ੀ ਹੋਈ ਹੈ ਕਿ ਠਾਕਰ ਉਦੇ ਸਿੰਘ ਜੀ ਨੇ ਬੰਗਲੋਰ ਫਾਰਮ ਨੂੰ ਇਕ ਆਦਰਸ਼ ਫਾਰਮ ਦਾ ਰੂਪ ਦੇ ਦਿਤਾ ਹੈ। ਜਿਸ ਫਾਰਮ ਨੂੰ ਕਦੇ ਅਸੀਂ ੮ ਲਖ ਵਿਚ ਵੇਚਣਾ ਚਾਹੁੰਦੇ ਸਾਂ, ਕਾਕੇ ਦੀ ਮਿਹਨਤ ਸਦਕਾ ਉਸਦੇ ਅਜ ਸਾਨੂੰ ੮੦ ਲੱਖ ਰੁਪਏ ਮਿਲ ਰਹੇ ਹੈਨ। ਜਿਸਦੀ ਆਪ ਜੀ ਨੂੰ ਬਹੁਤ ਬਹੁਤ ਵਧਾਈ।"

ਏਸ ਦੇ ਉਤਰ ਵਿਚ ਮਹਾਰਾਜ ਜੀ ਨੇ—ਮੈਨੂੰ ਚਿਠੀ ਲਿਖੀ—ਉਹਨਾਂ ਦੇ ਆਪਣੇ ਸ਼ਬਦਾਂ ਵਿਚ ਹੀ ਸੁਣੋ!

ਸ੍ਰੀਮਾਨ ਰਾਜਿੰਦਰ ਸਿੰਘ ਜੀ!

ਸਪ੍ਰੇਮ ਸਤਿਸ੍ਰੀ ਅਕਾਲ!

ਤੁਹਾਡੀ ਚਿਠੀ ਮਿਲੀ। ਤੁਹਾਡੀ ਵਧਾਈ ਲਈ ਸਵਾਗਤ। ਪਰ ਮੈਂ ਉਸ ਵਧਾਈ ਦਾ ਇਛੁਕ ਹਾਂ, ਜਦੋਂ ਕਾਕਿਆਂ ਦੇ ਅੰਦਰ ਸ੍ਰੀ ਸਤਿਗੁਰੂ ਜੀ ਦੇ ਦਿਤੇ ਹੋਏ, ਸਰਵੋਚ ਸ਼ੋਭਨੀਕ, ਅਮੂਲਯ ਸਾਮਗਰੀ ਗਊਆਂ ਅਤੇ ਘੋੜਿਆਂ ਨੂੰ ਉਨਤ ਕਰਨ ਦੀ ਯੋਗਤਾ ਆਵੇ। ਏਸ ਤੋਂ ਬਿਨਾਂ, ਸਤਸੰਗ, ਸਾਧੂਆਂ ਦੀ ਸੇਵਾ, ਸੰਗੀਤਕ ਰੁਚੀ ਅਤੇ ਕੀਰਤਨ ਦਾ ਉਹ ਰਸ ਜੋ ਸਤਿਗੁਰੂ ਜੀ ਸਾਧ ਸੰਗਤ ਵਿਚ ਆਪ ਬੈਠ ਕੇ, ਪ੍ਰਦਾਨ ਕਰਦੇ ਹਨ, ਉਸਦੀ ਝਲਕ ਇਨ੍ਹਾਂ ਅੰਦਰ ਆਵੇ। ਹੈ ਸਭ ਪ੍ਰਾਰਬਧ ਅਨੁਸਾਰ। ਇਛਾ ਹੈ—ਪ੍ਰਾਪਤੀ ਉਹਨਾਂ ਦੇ ਅਧੀਨ ਹੈ ਜੋ ਏਹ ਰਸ ਦਿੰਦੇ ਹੈਨ। —ਬੀਰ ਸਿੰਘ

ਸ੍ਰੀ ਭੈਣੀ ਸਾਹਿਬ ਵਿਦਿਅਕ ਸੰਮੇਲਨ ਸਮੇਂ ਇਹ ਵਿਚਾਰ ਲਿਖਤੀ ਰੂਪ ਵਿਚ ਲੇਖਕ ਨੇ ਪ੍ਰਸਤੁਤ ਕੀਤੇ।

ਏਸ ਤੋਂ ਵਧ ਮੈਂ ਕੀ ਦਸ ਸਕਦਾ ਹਾਂ। ਹਾਂ ਏਨੀ ਗਲ ਜ਼ਰੂਰ ਹੈ ਕਿ ਜਿਸ ਗਤੀ ਨਾਲ ਅਜ ਦੁਨੀਆਂ ਅਗੇ ਤੋਂ ਅਗੇ ਹੋਰ ਅਗੇ ਵਧ ਰਹੀ ਹੈ—ਏਸ ਦੇ ਮੁਤਾਬਕ ਹੀ, ਸਾਨੂੰ ਵੀ ਚਲਣਾ ਪੈਂਦਾ ਹੈ। ਪਹਿਲੇ ਗੁਰੂਆਂ ਦੇ ਸਮੇਂ ਕਾਰੋਬਾਰ ਬਹੁਤ ਥੋੜ੍ਹਾ ਹੁੰਦਾ ਸੀ ਅਤੇ ਵਿਹਲ ਬਹੁਤਾ। ਮਨ ਨੂੰ ਬੰਨ੍ਹਣ ਵਾਸਤੇ ਸਤਿਗੁਰੂ ਜੀ ਨੇ ਭਜਨ ਬਾਣੀ ਪੜ੍ਹਨ ਉਤੇ ਜ਼ਿਆਦਾ ਜ਼ੋਰ ਦਿਤਾ ਸੀ। ਤਾਕਿ ਸਰੀਰ, ਮਨ ਤੇ ਆਤਮਾ ਚੰਚਲਤਾ ਤੋਂ ਬਚੇ ਰਹਿਣ। ਉਸ ਵੇਲੇ ਦੀ ਇਕ ਕਹਾਵਤ ਹੈ—

ਚਲ ਦਲ ਪਤਰ, ਪਤਾਕ ਪਟ, ਦਾਮਨ, ਕਛਪ ਮਾਥ
ਭੂਤ ਦੀਪ, ਦੀਪਕ ਸਿਖਾ, ਯੋ ਮਨ ਵ੍ਰਿਤਿ ਅਨਾਥ।

ਜਿਸ ਤਰ੍ਹਾਂ ਏਹ ਸਾਰੀਆਂ ਚੀਜ਼ਾਂ ਟਿਕਦੀਆਂ ਨਹੀਂ, ਹਮੇਸ਼ਾ ਡੋਲਦੀਆਂ ਹੀ ਰਹਿੰਦੀਆਂ ਹਨ, ਏਸੇ ਤਰਾਂ ਮਨ ਵੀ ਚੰਚਲ ਹੈ—ਜੋ ਕਿਸੇ ਤਰ੍ਹਾਂ ਟਿਕਦਾ ਨਹੀਂ। ਏਸੇ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਨੇ ਭਜਨ ਬਾਣੀ ਉਤੇ ਸਾਰਾ ਜ਼ੋਰ ਦਿਤਾ ਸੀ। ਪਰ ਅਜ ਦੇ ਯੁਗ ਵਿਚ ਜੋ ਵਿਹਲੇ ਹੈਨ—ਉਹ ਬਿਲਕੁਲ ਹੀ ਵਿਹਲੇ ਹੈਨ। ਉਹਨਾਂ ਨੇ ਨਾ ਆਪ ਕੁਝ ਕਰਨਾ ਹੈ ਤੇ ਨਾ ਹੀ ਦੂਸਰਿਆਂ ਨੂੰ ਕਰਨ ਦੇਣਾ ਹੈ। ਜੋ ਕੰਮ ਕਰਦੇ ਹੈਨ ਉਹ ਕੰਮ ਵਿਚ ਏਨੇ ਮਸਰੂਫ ਹੈਨ ਕਿ ਕੰਨ ਖੁਰਕਣ ਦੀ ਵਿਹਲ ਨਹੀਂ। ਜੇ ਤੁਸੀਂ ਏਹ ਕੌਤਕ ਵੇਖਣਾ ਚਾਹੁੰਦੇ ਹੋ—ਤਾਂ ਸ੍ਰੀ ਸਤਿਗੁਰੂ ਜੀ ਨਾਲ ਦਸ ਦਿਨ ਰਹਿ ਕੇ ਵੇਖ ਸਕਦੇ ਹੋ।

ਮੈਂ ਆਪਣੇ ਵਲੋਂ ਨੌਜੁਆਨਾਂ ਨੂੰ ਕਹਿਣਾ ਚਾਹੁੰਦਾ ਹਾਂ ਤੁਸੀਂ ਬਾਣੀ ਜ਼ਰੂਰ ਪੜ੍ਹੋ, ਨਿਤਨੇਮ ਨਾਲ ਪੜ੍ਹੋ। ਦੋਵੇਂ ਵੇਲੇ ਪੜ੍ਹੋ। ਥੋੜੀ ਪੜ੍ਹੋ ਜਾਂ ਬਹੁਤੀ—ਪੜ੍ਹੋ ਜ਼ਰੂਰ।

ਨਾਮ ਸਿਮਰਨ ਵਾਸਤੇ ਇਕਠੇ ਹੋਵੋ ਜ਼ਰੂਰ। ਭਾਵੇਂ ਪੰਜ ਮਿੰਟ ਬੈਠੋ ਭਾਵੇਂ ੧੦ ਮਿੰਟ। ਇਕਠੇ ਹੋ ਕੇ ਬੈਠੋ ਜ਼ਰੂਰ।

ਗੁਰੂ ਜੀ ਲਿਖਦੇ ਹੈਨ ਬਾਣੀ ਵਿਚ—

ਮਿਲਬੇ ਕੀ ਮਹਿਮਾ ਬਰਨ ਨਾਂ ਸਾਕਉ
ਨਾਨਕ ਪਰੈ ਪਰੀਲਾ।

ਜਾਂ

ਮਿਲ ਮਿਲ ਸਖੀ ਗੁਣ ਕਹੁ ਮੇਰੇ ਪ੍ਰਭੂਕੇ
ਲੇ ਸਤਿਗੁਰੂ ਕੀ ਮਤ ਧੀਰ

ਮੈਨੂੰ ਇਕ ਪੁਰਾਣੀ ਘਟਨਾ ਯਾਦ ਆ ਗਈ ਹੈ। ਬਹੁਤ ਹੀ ਪੁਰਾਣੀ। ਕੁਲੂ ਸ਼ਹਿਰ ਦੀ ਗਲ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਅਸੀਂ ਕਿਸੇ ਸਿਖ ਦੇ ਕੋਠੇ ਉਤੇ ਬੈਠੇ ਹੋਏ ਸਾਂ। ਪਹਾੜਾਂ ਵਿਚੋਂ ਵਧੀਆ



Sri Satguru Jagjit Singh Ji eLibrary NamdhariElibrary@gmail.com

ਪਹਾੜ, ਪਹਾੜੀ ਸ਼ਹਿਰਾਂ ਵਿਚੋਂ ਸੋਹਣਾ ਸ਼ਹਿਰ ਕੁਲੂ ਵਿਚ। ਸਤਿਗੁਰੂ ਜੀ ਕਿਤੇ ਵੀ ਹੋਣ—ਏਹਨਾਂ ਦੀ ਵਾਸ਼ਨਾ—ਕਸਤੂਰੀ ਦੀ ਤਰ੍ਹਾਂ ਚਾਰ ਚੁਫੇਰੇ ਫੈਲ ਜਾਂਦੀ ਹੈ। ਸ੍ਰ: ਬਲਵੰਤ ਸਿੰਘ ਜੋ ਉਥੇ ਜੰਗਲਾਤ ਮਹਿਕਮੇ ਦਾ ਅਫਸਰ ਸੀ ਆ ਗਿਆ। ਮੈਂ ਬੇਅੰਤ ਜੀ ! (ਸਤਿਗੁਰੂ ਜਗਜੀਤ ਸਿੰਘ ਜੀ) ਭਾਈ ਵਜ਼ੀਰ ਸਿੰਘ ਤੇ ਹੋਰ ਕਵੀ ਸਜਣ ਉਥੇ ਮੌਜੂਦ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰ: ਬਲਵੰਤ ਸਿੰਘ ਜੀ ਨੂੰ ਕਿਹਾ—ਦਸ ਭਾਈ ਏਥੇ ਕਿਵੇਂ ਬੀਤਦੀ ਹੈ ? ਤੇਰੀ ਰਹਿਣੀ ਬਹਿਣੀ ਦਾ ਕੀ ਹਾਲ ਹੈ ?

ਸ੍ਰ: ਬਲਵੰਤ ਸਿੰਘ ਨੇ ਕਿਹਾ—ਸੱਚੇ ਪਾਤਸ਼ਾਹ ! ਏਥੇ ਬੜੇ ਬੜੇ ਅੰਗਰੇਜ਼ ਅਫਸਰ ਆਉਂਦੇ ਜਾਂਦੇ ਰਹਿੰਦੇ ਹੈਨ, ਸ਼ਿਕਾਰ ਖੇਡਣ ਵਾਸਤੇ ਅਤੇ ਮੈਨੂੰ ਵੀ ਨਾਲ ਹੀ ਜਾਣਾ ਪੈਂਦਾ ਹੈ। ਅਤੇ ਕਦੇ ਕਦਾਈਂ ਉਹਨਾ ਦੇ ਨਾਲ ਹੀ ਖਾਣਾ ਵੀ ਖਾਣਾ ਪੈਂਦਾ ਹੈ। ਏਸ ਵਾਸਤੇ ਖਾਣ ਪੀਣ ਦਾ ਪ੍ਰਹੇਜ਼ ਤਾਂ ਮੇਰਾ ਰਿਹਾ ਨਹੀਂ। ਪਰ ਭਜਨ ਦੀ ਇਕ ਮਾਲਾ, ਜਪੁਜੀ ਸਾਹਿਬ ਦਾ ਪਾਠ ਸੁਬ੍ਹਾ ਅਤੇ ਸ਼ਾਮ ਨੂੰ ਰਹਿਰਾਸ ਕੀਰਤਨ ਸੋਹਿਲਾ ਮੈਂ ਜ਼ਰੂਰ ਪੜ੍ਹਦਾ ਹਾਂ ਨਿਤ ਨੇਮ ਨਾਲ ਅਤੇ ਢੋਲਕ ਨਾਲ ਸ਼ਬਦ ਵੀ ਦੋ ਚਾਰ ਟੱਬਰ ਵਿਚ ਬਹਿਕੇ ਪੜ੍ਹਦਾ ਹਾਂ।

ਸਤਿਗੁਰੂ ਜੀ ਬਹੁਤ ਖੁਸ਼ ਹੋਏ ਅਤੇ ਕਿਹਾ—ਅਗੇ ਤੋਂ ਮਾਸ ਸ਼ਰਾਬ ਤੋਂ ਵੀ ਪਰਹੇਜ਼ ਰਖਿਆ ਕਰ। ਏਹ ਖਾਣਾ ਨਹੀਂ। ਅਤੇ ਮਾਲਾ ਦੀ ਬਖਸ਼ਸ਼—ਉਨ ਦੀ ਮਾਲਾ ਦੀ ਬਖਸ਼ਸ਼ ਉਸ ਨੂੰ ਕਰ ਦਿਤੀ। ਬਾਦ ਵਿਚ ਸਤਿਗੁਰੂ ਜੀ ਨੇ ਸਾਨੂੰ ਦਸਿਆ—ਏਨੀ ਕੁਸੰਗਤ ਵਿਚ ਰਹਿੰਦਿਆਂ ਹੋਇਆਂ ਸਾਧ ਸੰਗਤ ਤੋਂ ਬਹੁਤ ਦੂਰ ਰਹਿ ਕੇ ਵੀ—ਬਲਵੰਤ ਸਿੰਘ ਨਿਤਨੇਮ ਵਿਚ ਪੱਕਾ ਰਿਹਾ ਹੈ। ਬਹੁਤ ਵੱਡੀ ਗੱਲ ਹੈ। ਛੋਟਾ ਹੁੰਦਾ ਏਹ ਢੋਲਖੀ ਬਹੁਤ ਵਧੀਆ ਵਜੋਂਦਾ ਹੁੰਦਾ ਸੀ।

ਸਤਿਗੁਰੂ ਜੀ ਤਾ ਛੋਟੀ ਜੇਹੀ ਗੱਲ ਤੇ ਹੀ ਰੀਝ ਜਾਂਦੇ ਹੈਨ। ਅਤੇ ਜੇ ਅਸੀਂ ਵੀ ਛੋਟੀ ਜੇਹੀ ਅਜੇਹੀ ਗੱਲ ਕਰਕੇ ਏਹਨਾਂ ਦੀਆਂ ਖੁਸ਼ੀਆਂ ਲੈ ਲਈਏ ਤਾਂ ਕੈਸਾ ਰਹੇ !

### ਹੁਣ ਖੁਸ਼ੀਆਂ ਦੀ ਗਲ ਸੁਣੋ :

ਬਹੁਤ ਦੂਰੋਂ ਬਹੁਤ ਸਾਰੀ ਭੇਟਾ ਲੈ ਕੇ ਇਕ ਸਿਖ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਆਣ ਮੱਥਾ ਟੇਕਿਆ। ਸਤਿਗੁਰੂ ਜੀ ਨੇ ਉਸ ਸਿਖ ਨੂੰ ਕਿਹਾ ਜਾਹ ਭਾਈ ਤੈਨੂੰ ਗੁਰੂ ਦੀਆਂ ਖੁਸ਼ੀਆਂ।

ਸਿਖ ਦਰਸ਼ਨ ਕਰਕੇ ਜਦੋਂ ਵਾਪਸ ਮੁੜਿਆ ਤਾਂ ਬਹੁਤ ਉਦਾਸ ਸੀ। ਨਾਲ ਦੇ ਇਕ ਸਿਖ ਨੇ ਕਿਹਾ—

''ਭਾਈ ! ਤੂੰ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਵੀ ਉਦਾਸ ਉਦਾਸ ਦਿਸ ਰਿਹਾ ਹੈ। ਕੀ ਗਲ ਹੈ ? ਏਥੇ ਤਾਂ ਸਭ ਉਦਾਸੀਆਂ ਤੇ ਦੁਖ ਦੂਰ ਹੋ ਕੇ ਲੋਕ ਪਰਲੋਕ ਸੰਵਰ ਜਾਂਦੇ ਹੈਨ। ਤੈਨੂੰ ਕੀ ਦੁਖ ਹੈ ?''

ਉਸ ਸਿਖ ਨੇ ਕਿਹਾ—''ਮੈਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਬਹੁਤ ਦੂਰੋਂ ਆਇਆਂ। ਸਤਿਗੁਰੂ ਜੀ ਅਗੇ ਬਹੁਤ ਸਾਰੀ ਮਾਇਆ ਸੋਨਾ ਚਾਂਦੀ ਅਤੇ ਕੀਮਤੀ ਵਸਤਰ ਭੇਟਾ ਕੀਤੇ। ਸਤਿਗੁਰੂ ਜੀ ਨੇ ਮੈਨੂੰ ਕੋਈ ਸਿਰੋ ਪਾਉ ਜਾਂ ਵਿਸ਼ੇਸ਼ ਜਗ੍ਹਾ ਤੇ ਨਹੀਂ ਬੈਠਾਇਆ। ਕੇਵਲ ਏਹੋ ਕਿਹਾ—ਜਾਹ ਭਾਈ ਤੈਨੂੰ ਗੁਰੂ ਦੀਆਂ ਖੁਸ਼ੀਆਂ।''

ਦੂਸਰੇ ਸਿਖ ਨੇ ਕਿਹਾ ਬਸ ਏਸੇ ਗਲ ਤੋਂ ਉਦਾਸ ਹੈਂ ? ਜੋ ਕੁਝ ਤੂੰ ਗੁਰੂ ਦੇ ਅਰਪਣ ਕੀਤਾ ਹੈ ਮੈਥੋਂ ਲੈ ਲੈ ਅਤੇ ਗੁਰੂ ਦੀਆਂ ਖੁਸ਼ੀਆਂ ਮੈਨੂੰ ਦੇ ਦੇ।

ਸੌਦਾ ਹੋ ਗਿਆ। ਜਿਸ ਸਿਖ ਨੇ ਖੁਸ਼ੀਆਂ ਖਰੀਦੀਆਂ ਸਨ ਉਹ ਮਾਲਾ ਮਾਲ ਹੋ ਗਿਆ। ਅਪੂਰਨ ਤੋਂ ਪੂਰਨ ਅਤੇ ਸ਼ਕਤੀ ਤੋਂ ਸਰਵ ਸ਼ਕਤੀ ਮਾਨ ਬਣ ਗਿਆ। ਅਤੇ ਖੁਸ਼ੀਆਂ ਵੇਚਣ ਵਾਲਾ ਹੌਲੀ ਹੌਲੀ ਵਿਹਲਾ ਹੁੰਦਾ ਚਲਾ ਗਿਆ।

ਏਹ ਹੈ ਬਚਿਓ ਸਤਿਗੁਰੂ ਜੀ ਦੀ ਬਖਸ਼ਸ਼ ਦਾ ਕਮਾਲ। ਬਾਣੀ ਵਿਚ ਤਾਂ ਗੁਰੂ ਜੀ ਨੇ ਛੋਟਾਂ ਹੀ ਬਹੁਤ ਦਿਤੀਆਂ ਹੈਨ—

ਏਕ ਘੜੀ ਆਧੀ ਘੜੀ
ਆਧੀ ਹੂੰ ਫੁਨ ਆਧ
ਭਗਤਨ ਸੇਤੀ ਗੋਸ਼ਟੇ
ਜੋ ਕੀਨੇ ਸੋ ਲਾਭ।

ਦੂਸਰੇ ਥਾਂ ਉਤੇ ਲਿਖਿਆ ਹੈ !

ਏਕ ਅਖ਼ਰ ਜਿਹ ਮਨ ਬਸੈ
ਨਾਨਕ ਹੋਤ ਨਿਹਾਲ।

ਗੁਰੂ ਗੋਬਿੰਦ ਸਿੰਘ ਜੀ ਤਾਂ ਏਸ ਤੋਂ ਅਗੇ ਵਧ ਗਏ ਹੈਨ—

ਏਕ ਚਿਤ ਜਿਹ ਇਕ ਛਿਨ ਧਿਆਇਓ
ਕਾਲ ਫਾਸ ਕੇ ਬੀਚ ਨਾ ਆਇਓ।

ਇਕ ਗਲ ਜ਼ਰੂਰ ਹੈ—

ਜੇ ਰੋਜ਼ਾਨਾ ਦਾ ਅਭਿਆਸ ਨਾ ਹੋਵੇ ਤਾਂ ਨਾ ਸੰਗਤ ਹੀ ਹੁੰਦੀ ਹੈ, ਨਾ ਇਕ ਅਖਰ ਹੀ ਮਨ ਵਿਚ ਵਸਦਾ ਹੈ—ਅਤੇ ਨਾ ਹੀ ਇਕ ਚਿਤ-ਇਕ ਛਿਨ ਅਰਾਧਨਾ ਹੁੰਦੀ ਹੈ। ਪਿਆਰੇ ਬਚਿਓ !

ਅਜ ਦੀ ਦੁਨੀਆਂ ਵਿਚ ਤਿੰਨ ਤਰ੍ਹਾਂ ਦੇ ਮਨੁਖ ਹੈਨ। ਮਾਨਵ, ਮਹਾਂ ਮਾਨਵ, ਅਤੀ ਮਾਨਵ।

ਗੁਰੂ, ਪੀਰ, ਪੈਗੰਬਰ ਅਤੇ ਔਲੀਏ, ਭਗਤ ਏਸ ਗਿਣਤੀ ਵਿਚ ਨਹੀਂ ਔਂਦੇ। ਕਿਉਂਕਿ ਏਹਨਾਂ ਨੂੰ ਹੱਦ


Sri Satguru Jagjit Singh Ji eLibrary NamdhariElibrary@gmail.com

ਬੰਨਿਆਂ ਵਿਚ ਨਹੀਂ ਬੰਨ੍ਹਿਆਂ ਜਾ ਸਕਦਾ। ਏਹ ਅਲੌਕਿਕ ਸ਼ਕਤੀਆਂ ਦੇ ਮਾਲਕ ਹੁੰਦੇ ਹੈਨ।

ਹੱਦ ਟੱਪੇ ਔਲੀਆ ਬੇਹੱਦ ਟੱਪੇ ਪੀਰ।

ਹੱਦ ਬੇ-ਹੱਦ ਦੋਨੋਂ ਟੱਪੇ-ਤਿਸਦਾ ਨਾਮ ਫ਼ਕੀਰ।

ਏਸ ਵਾਸਤੇ ਆਪਾਂ, ਗੱਲ ਆਪਣੇ ਵਰਗਿਆਂ ਦੀ ਹੀ ਕਰਨੀ ਹੈ। ਏਹਨਾਂ ਦੀ ਨਹੀਂ।

ਮਨੁਖ ਬਣਨਾ ਪਹਿਲੀ ਸਟੇਜ ਹੈ। ਜਿਸ ਉਤੇ ਹਰ ਆਦਮੀ ਨੂੰ ਪੂਰਿਆਂ ਉਤਰਨਾ ਚਾਹੀਦਾ ਹੈ। ਏਸ ਦੇ ਥੋੜੇ ਜਿੰਨੇ ਗੁਣ ਮੈਂ ਆਪ ਨੂੰ ਦਸਦਾ ਹਾਂ।

ਚੰਗੇ ਮੰਦੇ ਦੀ ਪਛਾਣ ਕਰਨੀ। ਸਫਾਈ ਪਸੰਦ ਹੋਣਾ। ਜੂਠ ਤੇ ਝੂਠ ਤੋਂ ਪਰਹੇਜ਼। ਇਕ ਦੂਸਰੇ ਦੇ ਕੰਮ ਔਣਾਂ। ਸਾਂਝੇ ਕੰਮਾਂ ਵਿਚ ਦਿਲਚਸਪੀ ਰਖਣਾ। ਚੰਗੇ ਕੰਮਾਂ ਲਈ ਦੂਸਰਿਆਂ ਨੂੰ ਪ੍ਰੇਰਤ ਕਰਦੇ ਰਹਿਣਾ। ਆਪਣੇ ਜੀਵਨ ਨੂੰ ਨਿਯਮ ਬਧ ਕਰਨਾ। ਅਤੇ ਚੰਗੇ ਆਦਮੀਆਂ ਦੀ ਸੰਗਤ ਕਰਨੀ।

ਦੂਸਰੀ ਪੌੜੀ ਹੈ—ਮਹਾਂ ਮਾਨਵ ਦੀ।

ਜਿਸਮਾਨੀ ਸ਼ਕਤੀ ਵਿਚ ਕਹਿੰਦਿਆਂ ਕਹਾਉਂਦਿਆਂ ਤੋਂ ਅਗੇ ਲੰਘ ਜਾਣਾ। ਜਾਂ ਦਿਮਾਗੀ ਸ਼ਕਤੀ ਵਿਚ ਸਭ ਤੋਂ ਅਗੇ ਹੋਣਾ ਘੋਲ ਦੌੜ ਖੇਡਾਂ ਵਿਚ ਅਗੇ ਤੋਂ ਅਗੇ ਵਧਦੇ ਚਲੇ ਜਾਣਾ ਤੇ ਹੱਦ ਨੂੰ ਹੱਥ ਲੌਣਾਂ। ਕਿਸੇ ਇਕ ਕੰਮ ਵਿਚ ਸਾਰੀ ਦੁਨੀਆਂ ਦੇ ਵਧੀਆ ਆਦਮੀਆਂ ਵਿਚੋਂ ਸਰੇਸ਼ਟ ਹੋਣਾ। ਵਿਗਿਆਨ ਦੀ ਖੋਜ ਤੇ ਖੇਤੀਬਾੜੀ—ਬਾਗਬਾਨੀ ਆਦਿ ਵਿਚ ਸਿਰਮੌਰ ਸਾਬਤ ਕਰਨਾ ਆਪਣੇ ਆਪ ਨੂੰ ਨਵੇਂ ਢੰਗ ਦੇ ਨਵੀਨਤਮ ਕਾਰਖਾਨੇ ਤਿਆਰ ਕਰਨੇ। ਵਿਚਾਰ ਪੂਰਨ ਅਤੀ ਉਤਮ ਲਿਖਤਾਂ ਦੇਣੀਆਂ ਜਿਨ੍ਹਾਂ ਨੂੰ ਬਾਰ ਬਾਰ ਪੜ੍ਹਨ ਤੇ ਜੀਅ ਕਰੇ।

ਨਾਮਧਾਰੀ ਪੰਥ ਵਿਚ ਇਹਨਾਂ ਆਦਮੀਆਂ ਦੀ ਕਮੀ ਨਹੀਂ ਸੀ। ਅਜ ਦੀ ਮਿਸਾਲ ਲਈਏ ਤਾਂ ਸ: ਭਗਤ ਸਿੰਘ ਜਾਕੀ ਜਾਂ ਘੋੜ ਸਵਾਰ ਸਾਡੇ ਸਾਹਮਣੇ ਹੋ ਚੁਕਿਆ ਹੈ। ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੈਦਾ ਕੀਤਾ ਅਤੇ ਉਸ ਦੇ ਜ਼ਮਾਨੇ ਵਿਚ ਸਾਰੇ ਭਾਰਤ ਵਿਚ ਉਸਦਾ ਮੁਕਾਬਲਾ ਕੋਈ ਨਹੀਂ ਕਰ ਸਕਿਆ ਬੜੇ ਬੜੇ ਅੰਗਰੇਜ਼ ਰਾਜੇ ਤੇ ਸਰਦਾਰ ਚਾਹੁੰਦੇ ਸਨ; ਸਾਡਾ ਘੋੜਾ ਵੀ ਭਗਤ ਸਿੰਘ ਹੀ ਦੌੜਾਏ। ਘੋੜੇ ਨੂੰ ਖਿਚਕੇ ਹੋਰ ਥਾਂ ਤੇ ਫੇਰ ਕਿਸੇ ਹੋਰ ਦੌੜ ਵਿਚ ਸਭ ਤੋਂ ਅਗੇ ਲੈ ਜਾਣਾ।

ਅਤੀ ਮਾਨਵ ਜਾਂ ਪਰਮ ਮਨੁੱਖਾਂ ਵਿਚੋਂ ਸੰਤ ਫ਼ਤੇਹ ਸਿੰਘ ਵਲਟੋਹਾ ਦਾ ਨਾਮ ਲਿਆ ਜਾ ਸਕਦਾ ਹੈ। ਜਿਸ ਦੀ ਸ਼ਕਤੀ ਨੂੰ ਕੋਈ ਮਾਪ ਨਹੀਂ ਸੀ ਸਕਿਆ। ਕਿਕਰ ਸਿੰਘ ਪਹਿਲਵਾਨ ਦਾ ਵਜ਼ਨ ੭ ਮਣ ਪੱਕਾ ਦਸਦੇ ਸਨ ਉਸ ਵੇਲੇ ਦੇ ਆਦਮੀ। ਕੋਈ ਘੋੜਾ ਊਠ ਉਸ ਨੂੰ ਨਹੀਂ ਸੀ ਚੁੱਕ ਸਕਦਾ। ਸਿਰਫ਼ ਗੱਡੇ ਦੀ ਹੀ ਸਵਾਰੀ ਕਰਦਾ ਸੀ ਉਹ। ਤਾਕਤ ਏਨੀ ਸੀ ਕਿ ਏਨਾ ਭਰਕਮ ਭਾਰੀ ਹੋਣ ਦੇ ਬਾਵਜੂਦ ਖੜਾ ਖੜੋਤਾ ਉਛਲਕੇ ਪੁੱਠੀ ਬਾਜ਼ੀ ਲਾਕੇ ਪੈਰਾਂ ਭਾਰ ਫੇਰ ਆਣ ਖਲੋਂਦਾ ਸੀ ਉਸ ਵੇਲੇ ਉਹ ਦੁਨੀਆਂ ਦਾ ਰੁਸਤਮ ਸੀ। ਪਰ ਸੰਤ ਫਤੇਹ ਸਿੰਘ ਜੀ ਨੂੰ ਓਹ ਵੀ ਬਾਬਾ ਜੀ ਹੀ ਕਹਿੰਦਾ ਸੀ। ਤੇ ਓਹਨਾਂ ਦੀ ਮਹਾਨਤਾ ਨੂੰ ਕਬੂਲਦਾ ਸੀ।

ਮੈਂ ਜੋ ਦੱਸਣਾ ਚਾਹੁੰਦਾ ਹਾਂ—ਓਹ ਏਹ ਹੈ ਕਿ— ਤੁਸੀਂ ਏਥੇ ਇਕਠੇ ਹੋਏ ਸਾਰੇ ਮਨੁੱਖ ਜਾਂ ਮਾਨਵ ਤਾਂ ਹੋ। ਪਰ ਹੁਣ ਤੁਸੀਂ ਮਹਾਂ ਮਾਨਵ ਦੀ ਤਰਫ਼ ਵਧਣਾ ਹੈ। ਤੁਸੀਂ ਸੌ, ਦੋ ਸੌ, ਪੰਜ ਸੌ ਜਾਂ ਹਜ਼ਾਰ ਗਜ਼ ਤੋਂ ਅਗੇ ਲੰਘਕੇ ਮੈਰਾਥਨ ਦੌੜ ਵਿਚ ਸ਼ਾਮਲ ਹੋਣਾ ਹੈ। ਏਹੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੰਤਰੀਵ ਇਛਾ ਹੈ।

ਤੁਹਾਡੇ ਸਾਹਮਣੇ ਓਹਨਾਂ ਨੇ ਪੂਰਨੇ ਪਾ ਦਿਤੇ ਹੈਨ। ਹਾਕੀ ਦੀ ਟੀਮ ਬਣਾਕੇ। ਅਤੇ ਹੋਰ ਕਈ ਖੇਡਾਂ ਵਿਚ ਬੱਚਿਆਂ ਨੂੰ ਬਾਹਰ ਭੇਜ ਕੇ ਮਾਹਰੀਅਤ ਹਾਸਲ ਕਰਨ ਵਾਸਤੇ। ਸਤਿਗੁਰੂ ਜੀ ਦੀ ਸਭ ਤੋਂ ਪਿਆਰੀ ਖੇਡ ਹੈ—

## ਸੰਗੀਤ

ਰਾਗ ਵਿਦਯਾ, ਗੌਣ—ਵਧੀਆ ਗਾਇਕ ਬਣਨਾ, ਵਧੀਆ ਸਿਤਾਰਵਾਦਕ, ਵਧੀਆ ਜੋੜੀ ਪ੍ਰਿਦੰਗ ਦਾ ਉਸਤਾਦ ਬਣਨਾ। ਵਧੀਆ ਤੋਂ ਵਧੀਆ ਤੰਤੀਸਾਜ਼ਾਂ ਵਿਚ ਮਾਸਟਰ ਹੋਣਾ। ਏਹੋ ਸਭ ਤੋਂ ਵਡੀ ਲੋੜ ਹੈ। ਸਤਿਗੁਰੂ ਜੀ ਦੀ ਇੱਛਾ ਮੁਤਾਬਕ।

ਅਗਲੀ ਗੱਲ ਜੋ ਮੈਂ ਕਹਿਣੀ ਚਾਹੁੰਦਾ ਹਾਂ ਉਹ ਆਮ ਦਰਸ਼ਕਾਂ ਵਾਸਤੇ ਹੈ। ਪਹਿਲਾਂ ਏਹ ਰਿਵਾਜ ਸੀ। ਪਹਿਲਵਾਨਾਂ ਨੂੰ, ਸੌਂਚੀ ਦੇ ਖਿਡਾਰੀਆਂ ਨੂੰ, ਕਬੱਡੀ ਖੇਡਣ ਵਾਲਿਆਂ ਨੂੰ ਪਿੰਡਾਂ ਵਾਲੇ ਖੁਦ ਸਾਂਭਦੇ ਸਨ। ਓਹਨਾਂ ਨੂੰ ਖੁਰਾਕਾਂ ਦੇਣੀਆਂ, ਘਰ ਦੇ ਕੰਮਾਂ ਕਾਜਾਂ ਤੋਂ ਵਿਹਲਿਆਂ ਕਰਕੇ ਓਹਨਾਂ ਦੀ ਖੇਤੀ ਨੂੰ ਪਿੰਡ ਵਾਲਿਆਂ ਨੇ ਆਪ ਵਾਹ ਬੀਜਕੇ ਦੇਣਾ ਅਤੇ ਹਰ ਦੰਗਲ ਅਖਾੜੇ ਵਿਚ ਆਪ ਜਾਕੇ ਓਹਨਾਂ ਦੀ ਹੌਸਲਾ ਅਫ਼ਜ਼ਾਈ ਕਰਨੀ, ਇਨਾਮ ਦੇਣੇ ਤੇ ਹੋਰ ਸਹੂਲਤਾਂ ਦਾ ਇੰਤਜ਼ਾਮ ਕਰਨਾ। ਜਿਸ ਵਾਸਤੇ ਓਹ ਬੇਫਿਕਰ ਹੋਕੇ ਖੇਡਣ ਵਾਸਤੇ ਤਿਆਰ-ਬਰ-ਤਿਆਰ ਰਹਿੰਦੇ ਸਨ।

ਰਿਆਸਤਾਂ ਪਹਿਲਾਂ ਪਹਿਲਵਾਨਾਂ ਨੂੰ ਸੁੱਰਖਿਆ ਦਿੰਦੀਆਂ ਸਨ ਜਿੰਨਾਂ ਵਿਚੋਂ ਪਟਿਆਲੇ ਦੀ ਰਿਆਸਤ ਸਭ ਤੋਂ ਅਗੇ ਸੀ। ਹਮੀਦਾ, ਗੂੰਗਾ, ਗਾਮਾਂ ਸਭ ਪਟਿਆਲੇ ਦੇ ਪਹਿਲਵਾਨ ਸਨ ਜੋ ਭਾਰਤ ਕੇਸਰੀ, ਸਿਤਾਰੇ ਹਿੰਦ ਤੇ ਦੁਨੀਆ ਰੁਸਤਮ ਬਣੇ।

ਮੈਂ ਤੁਹਾਨੂੰ ਇਕ ਪਹਿਲਵਾਨ ਦੀ ਗੱਲ ਸੁਣੌਂਦਾ ਹਾਂ



Sri Satguru Jagjit Singh Ji eLibrary NamdhariElibrary@gmail.com

ਜੋ ਬੜੀ ਦਿਲਚਸਪ ਤੇ ਸਿਖਿਆਦਾਇਕ ਵੀ ਹੈ।

## ਗਾਮਾਂ ਪਹਿਲਵਾਨ

ਅੱਜ ਤੋਂ ੯੦ ਸਾਲ ਪਹਿਲਾਂ ਦੀ ਗੱਲ ਹੈ ! ਜਦੋਂ ਅੰਗਰੇਜ਼ ਨੇ ਸਾਰੀ ਦੁਨੀਆ ਉਤੇ ਕਬਜ਼ਾ ਕਰ ਲਿਆ ਸੀ। ਆਮ ਕਹਾਵਤ ਸੀ !

ਅੰਗਰੇਜ਼ਾਂ ਦੇ ਰਾਜ ਵਿਚ ਕਦੇ ਸੂਰਜ ਨਹੀਂ ਡੁਬਦਾ।

ਉਹਨਾਂ ਨੇ ਇੰਗਲੈਂਡ ਵਿਚ ਸਾਰੀ ਦੁਨੀਆਂ ਦੇ ਪਹਿਲਵਾਨ ਸੱਦਕੇ ਛਿੰਝ ਪਵਾਈ। ਅਸਲ ਵਿਚ ਉਹ ਸਾਰੀ ਦੁਨੀਆ ਨੂੰ ਦੱਸਣਾ ਚਾਹੁੰਦੇ ਸਨ—ਅੰਗਰੇਜ਼ ਇਕ ਕੰਮ ਵਿਚ ਹੀ ਨਹੀਂ ਸਗੋਂ ਹਰ ਕੰਮ ਵਿਚ ਸਭ ਤੋਂ ਅਗੇ ਹੈ। ਸੀਨੀਅਰ ਹੈ ਅਤੇ ਦਸਣਾ ਚਾਹੁੰਦਾ ਸੀ ਕਿ ਅੰਗਰੇਜ਼ ਅਜੇਅ ਹੈ। ਪਹਿਲਵਾਨੀ ਵਿਚ ਵੀ ਏਸ ਦਾ ਕੋਈ ਸਾਨੀ ਨਹੀਂ।

ਘੋਲਾਂ ਦਾ ਏਹ ਖੇਡ ਤਮਾਸ਼ਾ ਬਹੁਤ ਦਿਨ ਚਲਣਾ ਸੀ, ਤੇ ਚਲ ਰਿਹਾ ਸੀ।

ਗਾਮਾ ਪਹਿਲਵਾਨ ਕੱਦ ਦਾ ਮਧਰਾ ਸੀ। ਕੇਵਲ ਪੰਜ ਸਵਾ ਪੰਜ ਫੁਟ। ਜਦੋਂ ਕਿ ਸਾਰੀ ਦੁਨੀਆ ਦੇ ਪਹਿਲਵਾਨਾਂ ਵਿਚੋਂ ਕੋਈ ਵੀ ਛੀ, ਸਾਢੇ ਛੀ ਅਤੇ ਸੱਤ ਫੁਟ ਤੋਂ ਘੱਟ ਨਹੀਂ ਸੀ। ਜਿਸ ਵਾਸਤੇ ਗਾਮੇ ਨੂੰ ਕਿਸੇ ਨੇ ਦਾਅਵਤ ਨਾ ਦਿਤੀ। ਪਰ ਜਿਵੇਂ ਕਹਿੰਦੇ ਨੇ :

ਨਚਣ ਵਾਲੇ ਦੀ ਅੱਡੀ ਨਾ ਰਹਿੰਦੀ
ਗੌਣ ਵਾਲੇ ਦਾ ਮੂੰਹ।

ਗਾਮਾ ਵੀ ਆਪਣੇ ਹੀ ਖਰਚੇ ਉਤੇ ਇੰਗਲੈਂਡ ਪਹੁੰਚ ਗਿਆ। ਸਾਰੀਆਂ ਕੋਸ਼ਸ਼ਾਂ ਕਰਨ ਦੇ ਬਾਵਜੂਦ ਏਸ ਨੂੰ ਅਖਾੜੇ ਦੇ ਨੇੜੇ ਵੀ ਨਾ ਫ਼ਟਕਣ ਦਿਤਾ ਅੰਗਰੇਜ਼ ਨੇ। ਗਾਮੇ ਦਾ ਪਿੰਡਾ ਮਚਲ ਰਿਹਾ ਸੀ। ਡੌਲੇ ਫਰਕ ਰਹੇ ਸਨ ਤੇ ਪੱਟ ਥਰਕ ਰਹੇ ਸਨ। ਜੁਆਨ ਨੇ ਪੰਜ ਪੌਂਡ ਝੰਡੀ ਨਾਲ ਬੰਨ੍ਹਕੇ ਐਲਾਨ ਕਰ ਦਿਤਾ—ਜੇਹੜਾ ਪਹਿਲਵਾਨ ਮੈਨੂੰ ਢਾਹ ਲਵੇ, ਸੋਨੇ ਦੇ ਸ਼ੁਧ ਸੋਨੇ ਦੇ, ੨੪ ਕੈਰਟ ਸੋਨੇ ਦੇ ਪੰਜੇ ਪੌਂਡ ਉਸਦੇ ਹੋਣਗੇ। ਪਹਿਲਵਾਨ ਦੇ ਮੂੰਹ ਵਿਚ ਪਾਣੀ ਆ ਗਿਆ। ਜੁਆਨ ਨੇ ਸਾਰਿਆਂ ਨੂੰ ਹੀ ਏਧਰ ਓਧਰ ਖਿੰਡਾ ਕੇ ਅਖਾੜੇ ਵਿਚੋਂ ਬਾਹਰ ਵਗਾ ਮਾਰਿਆ।

ਅਗਲੇ ਦਿਨ ੧੦ ਪੌਂਡ ਝੰਡੀ ਉਤੇ ਬੰਨ੍ਹ ਦਿਤੇ। ਅਤੇ ਸਾਰੀ ਦੁਨੀਆਂ ਦੇ ਪਹਿਲਵਾਨਾਂ ਨੂੰ ਵੰਗਾਰ ਦਿਤਾ। ਜਿਹੜਾ ਵੀ ਸਾਹਮਣੇ ਆਇਆ। ਚੱਡੇ ਗਾਟੇ ਕਰ ਦਿਤਾ ਸਾਰੇ ਲੰਦਨ ਵਿਚ ਸ਼ੋਰ ਮਚ ਗਿਆ। ਇੰਤਜ਼ਾਮੀਆ ਕਮੇਟੀ ਦੇ ਕੰਨਾਂ ਉਤੇ ਵੀ ਜੂੰਆਂ ਸਰਕਣ ਲਗ ਪਈਆਂ। ਏਹ ਕੀ ? ਜਿਸਨੂੰ ਅਸੀ ਅਖਾੜੇ ਦੇ ਨੇੜੇ ਨਹੀਂ ਸੀ ਢੁਕਣ ਦਿਤਾ। ਉਸਨੇ ਸਾਰੇ ਸ਼ਹਿਰ ਵਿਚ ਤਹਿਲਕਾ ਮਚਾ ਦਿਤਾ ਹੈ।

ਤੀਸਰੇ ਦਿਨ ਜੁਆਨ ਨੇ ਪੱਚੀ ਪੌਂਡ ਬੰਨ ਕੇ ਝੰਡੀ ਫੇਰ ਦਿਤੀ। ਵੱਡੇ ਵੱਡੇ ਤੀਸ ਮਾਰ ਖਾਂ ਵੀ ਕੰਨੀ ਕਤਰੌਣ ਲਗ ਪਏ। ਉਸ ਦਿਨ ਵੀ ਝੰਡੀ ਗਾਮੇ ਦੇ ਹੱਥ ਹੀ ਰਹੀ। ਅਖੀਰ ਅੰਗਰੇਜ਼ਾਂ ਵਲੋਂ ਉਸ ਨੂੰ ਵੀ ਦਾਅਵਤ ਨਾਮਾਂ ਦੇਣਾ ਪਿਆ ਅਤੇ ਜੁਆਨ ਨੇ ਸਾਰੇ ਪਹਿਲਵਾਨਾਂ ਨੂੰ ਚਿਤ ਕਰ ਦਿਤਾ। ਉਸ ਦਿਨ ਤੋਂ ਉਸ ਨੂੰ ਚਿਤ੍ਰ ਦਾ ਖਿਤਾਬ ਦਿਤਾ ਗਿਆ ਅਤੇ ਦੁਨੀਆਂ ਰੁਸਤਮ ਦੀ ਗੁਰਜ ਵੀ ਸੰਭਾਲ ਦਿਤੀ ਗਈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਏਹੋ ਇੱਛਾ ਹੈ ਕਿ ਨਾਮਧਾਰੀ ਪੰਥ ਜਾਂ ਪੰਜਾਬ ਵਿਚੋਂ ਫੇਰ ਅਜੇਹੇ ਸੂਰਬੀਰ ਪੈਦਾ ਹੋਣ :

ਝੰਡਾ ਗੱਡ ਗਾਢੇ।
ਮੱਡ ਰੋਸ ਬਾਢੇ।

ਦਾ ਆਦਰਸ਼ ਸਾਹਮਣੇ ਰਖਕੇ ਅਗੇ ਵਧਣ ਅਤੇ ਹਰ ਪਿੰਡ ਹਰ ਸ਼ਹਿਰ ਵਿਚ ਅਜੇਹੇ ਬੱਚੇ ਪੈਦਾ ਹੋਣ।

ਪਰ ਏਸ ਕੰਮ ਵਿਚ ਸਭ ਤੋਂ ਵੱਡੀ ਮੁਸ਼ਕਲ ਏਹ ਹੈ ਕਿ ਜਿਨਾਂ ਦੇ ਮਾਂ ਬਾਪ ਸਮਰੱਥ ਹੈਨ ਓਹਨਾਂ ਦੇ ਬੱਚਿਆਂ ਨੂੰ ਏਹਨਾਂ ਕੰਮਾਂ ਦਾ ਸ਼ੌਕ ਨਹੀਂ; ਤੇ ਜਿਨ੍ਹਾਂ ਨੂੰ ਸ਼ੌਕ ਹੈ—ਓਹਨਾਂ ਦੀ ਰੋਟੀ ਪੂਰੀ ਨਹੀਂ ਹੁੰਦੀ। ਜਿਥੇ ਲੋੜ ਹੈ, ਓਥੇ ਵਸਤੂ ਨਹੀਂ। ਜਿਥੇ ਵਸਤੂ ਹੈ ਓਥੇ ਲੋੜ ਨਹੀਂ।

ਹੁਣ ਮੈਂ ਸਰਕਾਰ ਦੀ ਗੱਲ ਕਰਦਾ ਹਾਂ—ਜਾਂ ਅੱਜ ਦੇ ਭਾਰਤ ਦੀ। ਦੁਨੀਆਂ ਉਤਾਂਹ ਨੂੰ ਜਾ ਰਹੀ ਹੈ ਤੇ ਅਸੀਂ ਭਾਰਤ ਵਾਸੀ ਹੇਠਾਂ ਨੂੰ। ਸੰਸਾਰ ਦੇ ਅਨੇਕਾਂ ਦੇਸ਼ ਮਹਾਂਮਾਨਵ ਪੈਦਾ ਕਰ ਚੁਕੇ ਹੈਨ। ਚੀਨ, ਜਾਪਾਨ, ਕੋਰੀਆ, ਰੂਸ, ਅਮਰੀਕਾ, ਕਨੇਡਾ, ਅਸਟਰੇਲੀਆ, ਜਰਮਨੀ ਆਦਿ ਨੇ ਸੈਂਕੜੇ ਅਤੇ ਹਜ਼ਾਰਾਂ ਮਹਾਂਮਾਨਵ ਪੈਦਾ ਕਰ ਲਏ ਹੈਨ। ਅਤੇ ਸਾਡੇ ਅੱਜ ਦੇ ਭਾਰਤ ਵਿਚ ਇਕ ਵੀ ਅਜੇਹਾ ਆਦਮੀ ਨਹੀਂ ਜਿਸ ਨੂੰ ਅਸੀਂ ਮਹਾਂ ਮਾਨਵ ਕਹਿ ਸਕੀਏ। ਸੰਸਾਰ ਅਤੀ ਮਾਨਵ ਪੈਦਾ ਕਰਨ ਦੇ ਮੂਡ ਵਿਚ ਹੈ। ਕੈਨੇਡਾ ਨੇ ਤਾਂ ਸਿਓਲ ਵਿਚ ਅਤੀ ਮਾਨਵ ਦੁਨੀਆਂ ਸਾਹਮਣੇ ਪੇਸ਼ ਵੀ ਕਰ ਦਿਤਾ। ਪਰ ਮੁੱਡ ਤੇ ਲਹੂ ਪਰੀਖਯਾ ਕਰਨ ਪਿਛੋਂ ਪਤਾ ਲਗਿਆ ਕਿ ਉਹ ਮਾਦਕ ਦਰੱਬ ਛਕ ਕੇ ਸੱਭ ਤੋਂ ਅਗੇ ਨਿਕਲਨ ਵਿਚ ਸਫਲ ਹੋਇਆ ਹੈ ਤਾਂ ਵਿਚਾਰੇ ਦਾ ਪੱਤਾ ਸਾਫ਼ ਕਰ ਦਿਤਾ ਗਿਆ ਅਤੇ ਕਨੇਡਾ ਸਰਕਾਰ ਨੂੰ ਵੀ ਬੇਹੱਦ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ।

ਹਾਂ ਦੁਨੀਆਂ ਵਿਚ ਅਤੀ ਮਾਨਵ ਯਹੂਦੀਆਂ ਨੇ ਪੈਦਾ ਕਰ ਲਿਆ ਹੈ—ਐਲਬਰਟ ਆਈਨ ਸਟੀਨ। ਜਿਸਦੀਆਂ ਖੋਜਾਂ ਅਤੇ ਪੇਸ਼ੀਨ ਗੋਈਆਂ ਤੇ ਰੀਸਰਚ ਚਲ ਰਹੀ ਹੈ। ਹੁਣ ਤਕ ਦੀਆਂ ਸੋਚਾਂ ਸੱਚੀਆਂ ਸਾਬਤ ਹੋਈਆਂ ਹੈਨ। ਵਿਗਯਾਨ ਉਤੇ ! ਅਤੇ ਅਗੇਂ ਦੋ ਸੌ ਸਾਲ ਹੋਰ ਖੋਜ ਕੋਸ਼ਿਸ਼ ਚਾਲੂ



Sri Satguru Jagjit Singh Ji eLibrary NamdhariElibrary@gmail.com

ਰਹੇਗੀ ! ਵਿਗਯਾਨ ਦੀ ਕਸੌਟੀ ਉਤੇ ਪਰਖਣ ਵਾਸਤੇ ।

ਅੱਜ ਓਸ ਮਹਾਨ ਸਾਇੰਸਦਾਨ ਦੀ ਪ੍ਰਤਿਮਾ— ਅਮਰੀਕਾ ਦੇ ਸਭ ਤੋਂ ਵਡੇ ਗਿਰਜੇ ਵਿਚ ਯਿਸੂ ਮਸੀਹ ਦੇ ਬਰਾਬਰ ਲਗੀ ਹੋਈ ਹੈ ।

ਹਾਕੀ ਵਗੈਰਾ ਵਿਚ, ਅੰਗਰੇਜ਼ ਦੇ ਰਾਜ ਵਿਚ ਅਸੀਂ ਤਕਰੀਬਨ ਸਭ ਤੋਂ ਅਗੇ ਸਾਂ, ਜਰਮਨੀ ਵਿਚ ਜਾਕੇ ਜਦੋਂ ਧਿਆਨ ਚੰਦ ਦੀ ਟੀਮ ਨੇ ਸਾਰੀ ਦੁਨੀਆਂ ਨੂੰ ਮਿੱਟੀ ਚਟਾ ਦਿਤੀ—ਤਾਂ ਹਿਟਲਰ ਨੇ ਪੁਛਿਆ ਸੀ; ਧਿਆਨ ਚੰਦ ਕੀ ਰੈਂਕ ਹੈ ਤੇਰਾ !

ਧਿਆਨ ਚੰਦ ਦਾ ਉਤਰ ਸੀ—ਜੀ ਹਵਾਲਦਾਰ

ਹਿਟਲਰ ਨੇ ਕਿਹਾ ਸੀ—ਤੂੰ ਮੇਰੀ ਫੌਜ ਵਿਚ ਆ !

ਮੈਂ ਤੈਨੂੰ ਕੈਪਟਨ ਦਾ ਦਰਜਾ ਦਿੰਦਾ ਹਾਂ !

ਅੱਜ ਅਸੀਂ ਕਿਥੇ ਪਹੁੰਚ ਗਏ ਹਾਂ । ਏਸ ਦਾ ਅੰਦਾਜ਼ਾ ਤੁਸੀਂ ਖੁਦ ਹੀ ਲਾ ਸਕਦੇ ਹੋ ।

ਅੰਤ ਵਿਚ ਮੈਂ ਤੁਹਾਨੂੰ ਅਪੀਲ ਕਰਦਾ ਹਾਂ ।

ਸ਼ਾਬਾਸ਼ ! ਮੇਰੇ ਦੇਸ਼ ਦੇ ਬਹਾਦਰ ਸਪੂਤੋ ਨਿਸ਼ਾਨਾ ਸਾਧ ਕੇ ਅਗੇ ਤੋਂ ਅਗੇ ਵਧਦੇ ਚਲੇ ਜਾਓ ! ਅਗੇ ਤੋਂ ਅਗੇ, ਹੋਰ ਅਗੇ ਵਧ ਚਲੋ । ਏਹ ਜੀਵਨ ਬਾਰ ਬਾਰ ਨਹੀਂ ਮਿਲਨਾਂ !

ਮਾਨਸ ਜਨਮ ਦੁਲੰਭ ਹੈ ਹੋਤ ਨਾ ਬਾਰੰਬਾਰ ।

ਆਦਮੀ ਜੋ ਵੀ ਕਰਨਾ ਚਾਹੁੰਦਾ ਹੈ ਓਹ ਕਰ ਗੁਜ਼ਰਦਾ ਹੈ—ਬਸ਼ਰਤੇ ਕਿ ਓਸਦਾ ਨਿਸਚਾ ਪੱਕਾ ਹੋਵੇ । ਜੋ ਆਪਣੇ ਆਪਨੂੰ ਸਮਰਪਿਤ ਕਰ ਦੇਵੇ—ਓਸੇ ਕਾਜ਼ ਨਮਿਤ । ਸਤਿਗੁਰੂ ਜੀ ਦਾ ਆਸ਼ੀਰਵਾਦ ਤੁਹਾਡੇ ਸਿਰ ਉਤੇ ਹੈ ।


# RAINU
## Engineering Works Regd.

**Prop. : S. Mohinder Singh**

Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks

Repair of Honda Generators and Diesel Generators

**VINAIK BAZAR, JAMMU.**

Phone No. 46894



DO YOU WANT ATTRACTIVE PRINTING :

**For Letter Pads, Bill Books, Cash Memos, Receipts, Visiting Cards, Rate Lists, Forms, Marriage Card & Titles of Books & Magazines Etc. Multicolour Block and Type Printing on Art Paper. and other Jobs.**

Then kindly contact please :

# NAMDHARI PRINTERS
## (WARIAM PRESS)

**Ladowali Road, Opp. Jalandhar Ex-Servicemen Transport, JALANDHAR-144001.**





Sri Satguru Jagjit Singh Ji eLibrary NamdhariElibrary@gmail.com

ਇਕ ਚਿੱਠੀ

# ਮਹਿੰਦਰ ਕੌਰ ਦੇ ਨਾਂਅ !

ਬੀਬੀ ਮਹਿੰਦਰ ਕੌਰ ਜੀ ਦੀ ਚੌਥੀ ਬਰਸੀ ਤੇ ਉਹਨਾਂ ਦੀ ਨਿਘੀ ਯਾਦ ਵਿਚ ਇਹ ਸ਼ਬਦ ਹਰਮਨ ਪਿਆਰੇ ਸਮਾਜ ਸੇਵਕ ਅਤੇ ਬੀਬੀ ਜੀ ਦੇ ਪਤੀ ਦੇਵ ਸੇਠ ਤਰਲੋਕ ਸਿੰਘ ਜੀ ਵਲੋਂ ਭੇਟ ਹਨ ।



ਚੌਥਾ ਵਰ੍ਹਾ ਹੋ ਗਿਆ ਏ, ਤੈਨੂੰ ਮੇਰੇ ਪਾਸੋਂ ਅਤੇ ਬਾਕੀ ਦੇ ਪਰਵਾਰ ਤੋਂ ਜੁਦਾ ਹੋਇਆਂ, ਮਾਨਵੀ ਚੋਲਾ ਤਿਆਗ ਆਪਣੇ ਮਹਾ ਇਸ਼ਟ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਮਲ ਚਰਨਾਂ ਵਿਚ ਜਾ ਬਿਰਾਜਿਆ ਜਾਂ ਮਹਾਂ ਸੁੰਨ ਵਿਚ ਵਿਲੀਨ ਹੋਇਆਂ । ਐਸੇ ਸੁੰਨ ਵਿਚ ਜਿਥੋਂ ਕਰੋੜਾਂ ਅਰਬਾਂ ਜੀਵ ਵਿਵਧਜੋਨੀਆਂ ਵਿਚ ਸਰੀਰ ਲੈਂਦੇ ਸੰਸਾਰ ਦਾ ਨਰਕ ਜਾਂ ਸੁਰਗ ਭੋਗਦੇ ਹਨ ।

ਮੈਨੂੰ ਪਰਮ ਸੰਤੋਖ ਹੈ ਕਿ ਤੂੰ ਆਪਣੇ ਜੀਵਨ ਕਾਲ ਵਿਚ ਸੰਸਾਰਕ ਸੁਖਾਂ ਦਾ ਸਦਾ ਹੀ ਸਵਰਗ ਭੋਗਿਆ ਹੈ । ਸਚਮੁਚ, ਇਹ ਸਵਰਗ ਕੋਈ ਹੋਰ ਰੂਪ ਧਾਰ ਲੈਂਦਾ ਜੇ ਸਾਡੇ ਦਰਮਿਆਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਲਾਹੀ ਜੋਤ ਨਾ ਵਿਰਾਜਮਾਨ ਰਹਿੰਦੀ । "ਮੇਰਾ ਦੁਖੁ ਸੁਖੁ ਤੁਝ ਹੀ ਪਾਸੇ" ਦੇ ਕਥਨ ਅਨੁਸਾਰ ਅਪਣੇ ਸਤਿਗੁਰੂ ਜੀ ਪਾਸ ਸਾਡਾ ਕਿਸੇ ਤਰ੍ਹਾਂ ਦਾ ਵੀ ਉਹਲਾ ਨਹੀਂ ਸੀ । ਜਦੋਂ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਧਨ ਧਾਮ ਅਤੇ ਸ਼ੁਹਰਤ ਦੀ ਸਿਖਰ ਤੇ ਵੇਖਿਆ ਤਾਂ ਸਾਡੀ ਪਿਛਲੇ ੧੨ ਸਾਲ ਤੋਂ ਚਲੀ ਆਉਂਦੀ ਘਾਟ ਨੂੰ ਨਿਵਾਰਨ ਕੀਤਾ । ਸਾਡੀਆਂ ਸੁੰਨੀਆਂ ਕੋਠੀਆਂ ਅੱਠ ਬੱਚਿਆਂ ਨਾਲ ਚਹਿਕ ਟਹਿਕ ਉਠੀਆਂ । ਅੱਜ ਵੀ ਜਦੋਂ ਮੈਂ ਤੇਰੀ ਯਾਦ ਵਿਚ ਜੁੜਦਾ ਹਾਂ ਤਾਂ ਸਤਿਗੁਰੂ ਮੈਨੂੰ ਅੰਗ ਸੰਗ ਖਲੋਤੇ ਦਿਸਦੇ ਹਨ ।

ਤੈਨੂੰ ਗਿਆਂ ਨੂੰ ਚਾਰ ਸਾਲ ਹੋ ਗਏ ਹਨ ਪਰ ਮੈਨੂੰ ਕੱਲ੍ਹ ਦੀ ਗੱਲ ਜਾਪਦੀ ਹੈ । ਅਸਲ ਵਿਚ ਇਕ ਚੰਗੀ ਜੀਵਨ ਸਾਥਣ ਜਾਣਕੇ ਮੈਂ ਤੈਥੋਂ ਪਲ ਭਰ ਵੀ ਵੱਖ ਨਹੀਂ ਹੋਇਆ । ਜਦੋਂ ਵੀ ਇਕਾਂਤ ਮਿਲਦੀ ਹੈ ਮੇਰੀਆਂ ਮਨ ਤਾਰਾਂ ਤੇਰੇ ਨਾਲ ਜੁੜ ਜਾਂਦੀਆਂ ਹਨ ਅਤੇ ਤੇਰੇ ਹੁੰਗਾਰੇ ਮੈਨੂੰ ਇੰਜ ਹੀ ਸੁਣੀਂਦੇ ਹਨ ਜਿਵੇਂ ਕਿ ਤੂੰ ਕਿਤੇ ਮੇਰੇ ਕੋਲ ਹੀ ਬੈਠੀ ਹੋਵੇਂ ।

ਤੇਰੇ ਮੋਹ ਵਿਚ ਜਿੰਨਾ ਮੈਂ ਭਿੱਜਾ ਹੋਇਆ ਸਾਂ, ਸਚਮੁਚ ਹੀ ਮਰ ਮੁਕ ਜਾਂਦਾ ਜੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਧਿਆਤਮਕ ਜੋਤ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਤੇ ਮਿਹਰਬਾਨ ਨਾ ਹੁੰਦੇ । ਤੇਰੇ ਵਿਛੋੜੇ ਸਮੇਂ, ਆਪਣੇ ਬਾਲ ਬੱਚੇ ਨੇ ਤਾਂ ਮੇਰੀ ਮੇਰੀ ਮਦਦ ਕੀਤੀ ਹੀ ਪਰ ਸ੍ਰੀ ਸਤਿਗੁਰੂ ਜੀ ਦੇ ਫੋਨਾਂ, ਸੁਨੇਹਿਆਂ ਅਤੇ ਦਿਲਦਾਰੀਆਂ ਨੇ ਮੈਨੂੰ ਤੇਰੇ ਵਿਗੋਚੇ ਦੀ ਪੀੜ ਨਹੀਂ ਰੜਕਣ ਦਿਤੀ । ਤੇਰੇ ਨਾਲ ਮੈਂ ਜੁੜਿਆ ਰਿਹਾ ਹਾਂ ਅਤੇ ਸਤਿਗੁਰੂ ਜੀ ਆਪਣੀ ਅਪਾਰ ਬਖ਼ਸ਼ਸ਼ ਦੁਆਰਾ ਮੇਰੇ ਨਾਲ ਜੁੜੇ ਰਹੇ ਹਨ ।

ਅਸਲ ਵਿਚ, ਤੇਰੇ ਗਿਆਂ ਤਾਂ ਮੈਂ ਤਖ਼ਤ ਤੋਂ ਤਖ਼ਤੇ ਤੇ ਆ ਗਿਆ ਸਾਂ । ਸੱਤ ਪੁੱਤਰਾਂ ਅਤੇ ਇਕ ਸੁਹਣੇ ਦਾਮਾਦ ਨੂੰ ਕਾਰੋਬਾਰ ਵਿਚ ਲਗਾਣਾ ਸੀ । ਮਹਾਨ ਸੁਖ ਵਿਚ ਪਿਆਂ ਸੰਤਾਨ ਕਦੋਂ ੨੫-੨੫-੩੦-੩੦ ਸਾਲਾਂ ਦੀ ਹੋ ਗਈ ਪਤਾ ਹੀ ਨਾ ਲਗਾ । ਬੱਚਿਆਂ ਨੇ ਸੋਨੇ ਦਾ ਚਮਚ ਮੂੰਹ ਲੈ ਕੇ ਜਨਮ ਲਿਆ ਸੀ । ਇਹ ਵੱਡੇ ਵੀ ਸੱਤ ਤਰਲੋਕ ਸਿੰਘ ਤੇ ਇਕ ਮਹਿੰਦਰ ਕੌਰ ਦੇ ਰੂਪ ਵਿਚ ਅਤੇ ਸੁਖ ਵਿਚ ਹੋਏ । ਤੈਨੂੰ ਪਤਾ ਏ ਨਾ, ਖਾਂਦਿਆਂ ਤਾਂ ਖੂਹ ਵੀ ਨਿਖੁਟ ਜਾਂਦੇ ਹਨ ਅਤੇ ਅਸਾਂ ਪੂਰੇ ੩੦ ਸਾਲ ਬਾਦਸ਼ਾਹਾਂ ਵਾਂਗ ਖਾਧਾ । ਦੋਹਾਂ ਸਤਿਗੁਰੂਆਂ ਦਾ ਪਿਆਰ ਅਤੇ ਨੇੜਤਾ, ਪਰਵਾਰ ਦਾ ਏਕਾ ਤੇ ਸੁਸ਼ੀਲਤਾ ਅਤੇ ਸਾਧ ਸੰਗਤ ਦੇ ਸਾਥ ਨੇ ਸਾਨੂੰ ਦੋਹੀਂ ਜਹਾਨੀਂ ਸੁਰਖ਼ਰੂ ਹੋਣ ਦੀ ਪਗਡੰਡੀ ਤੋਂ ਥਿੜਕਣ ਨਹੀਂ ਦਿਤਾ ।

ਪਰ ਤੇਰਾ ਜ਼ਿੰਦਗੀ ਵਿਚੋਂ ਅੱਖਾਂ ਮੀਟਣਾ ਸੀ ਕਿ ਹਾਲਾਤ ਐਸੇ ਬਣ ਗਏ, ਲੱਗਾ, ਜਿਵੇਂ ਸਾਡੀ ਗ੍ਰਹਿ ਲੱਛਮੀ ਤੂੰ ਹੀ ਸੈਂ । ਤੁਰ ਗਈਓਂ ਤੇ ਨਾਲ ਹੀ ਸਭ ਕੁਝ ਲੈ ਗਈਓਂ । ਮੇਰੀ ਗਹਿਰੀ ਉਦਾਸੀ, ਜਿਹੜੀ ਏਨੀ ਪਵਿਤਰ



Sri Satguru Jagjit Singh Ji eLibrary NamdhariElibrary@gmail.com

ਸੀ ਕਿ ਮੈਂ ਕਿਸੇ ਨੂੰ ਵੀ ਉਹਦਾ ਭਾਈਵਾਲ ਨਹੀਂ ਸਾਂ ਬਣਾਣਾ ਚਾਹੁੰਦਾ, ਉਸਨੇ ਮੇਰੇ ਦਿਲ ਦੀਆਂ ਡੂੰਘਾਂਈਆਂ ਤਕ ਅਸਰ ਕੀਤਾ ਅਤੇ ਇਕ ਦਿਨ ਹਾਰਟ ਅਟੈਕ ਨੇ ਬਿਸਤਰੇ ਤੇ ਪਾ ਹਸਪਤਾਲ ਪੁਚਾ ਦਿਤਾ।

ਜਿਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੂਕਾਰ।
ਓਥੈ ਸਤਿਗੁਰੂ ਬੇਲੀ ਹੋਵੈ ਕਢਿ ਲਏ ਅੰਤੀ ਵਾਰ।

ਗੁਰਬਾਣੀ ਦੀਆਂ ਇਹ ਤੁਕਾਂ ਰੂਪਮਾਨ ਹੋਈਆਂ। ਸਤਿਗੁਰੂ ਉਸ ਵੇਲੇ ਸਹਾਈ ਹੋਏ।

ਜਾਕਉ ਮੁਸਕਲ ਅਤਿ ਬਣੈ ਢੋਈ ਕੋਈ ਨ ਦੇਇ।
ਲਾਗੂ ਹੋਏ ਦੁਸਮਨਾ ਸਾਕ ਭਿ ਭਜ ਖਲੇ।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।
ਚੀਤਿ ਆਵੈ ਉਸੁ ਪਾਰਬ੍ਰਹਮੁ ਲਗੈ ਨਾ ਤਤੀ ਵਾਉ।

ਸਾਡਾ ਪਾਰਬ੍ਰਹਮ ਤਾਂ ਸਤਿਗੁਰੂ ਹੈ ਅਤੇ ਜਿੰਨੇ ਤੇਹ ਨਾਲ ਤੂੰ ਜੀਵਨ ਪ੍ਰਯੰਤ ਉਹਨੂੰ ਯਾਦ ਕੀਤਾ ਤੇ ਰਖਿਆ ਹੈ ਓਨਾ ਹੀ ਸਨੇਹ ਉਸ ਮੇਰੇ ਨਾਲ ਕਰ ਮੈਨੂੰ ਤੇਰੇ ਮੋਹ ਤੋਂ ਮੁਕਤ ਕੀਤਾ, ਹਰ ਤਰ੍ਹਾਂ ਦੀਆਂ ਪਦਾਰਥਕ ਚਿੰਤਾਵਾਂ ਤੋਂ ਛੁਟਕਾਰਾ ਦਿਵਾਇਆ। ਇਕ ਨਵੀਂ ਦ੍ਰਿਸ਼ਟੀ ਬਖ਼ਸ਼ੀ ਦੁਨੀਆਂ ਵੇਖਣ, ਜਾਣਨ ਅਤੇ ਇਸ ਵਿਚ ਰਹਿਣ ਦੀ। ਮੈਨੂੰ ਸਰੀਰ ਵਲੋਂ ਤਾਂ ਸਚੇ ਪਾਤਸ਼ਾਹ ਨੇ ਸਵਸਥ ਅਤੇ ਤਿਆਰ ਬਰ ਤਿਆਰ ਕੀਤਾ ਹੀ ਮਨੋਂ ਵੀ ਚੜ੍ਹਦੀ ਕਲਾ ਵਿਚ ਪਰਵੇਸ਼ ਦੇ ਦਿਤਾ।

ਇਹ ਗੱਲਾਂ ਮੈਂ ਤੇਰੇ ਨਾਲ ਹੀ ਕਰਨੀਆਂ ਸਨ, ਹੋਰ ਏਨੀਆਂ ਨਿਜੀ ਕੀਹਦੇ ਨਾਲ ਕਰਦਾ। ਤੈਨੂੰ ਇਹ ਜਾਣਕੇ ਪ੍ਰਸੰਨਤਾ ਹੋਵੇਗੀ ਕਿ ਸਾਡੇ ਪਰਵਾਰਕ ਅਤੇ ਪਦਾਰਥਕ ਜੀਵਨ ਵਿਚ ਮੋੜਾ ਪੈ ਗਿਆ ਹੈ। ਤੇਰੇ ਸਾਰੇ ਬੱਚੇ ਮੁਨਾਸਬ ਵਿਹਾਰਾਂ ਵਿਚ ਪਰਵੇਸ਼ ਕਰ ਰਹੇ ਹਨ। ਜਿਨ੍ਹਾਂ ਬੱਚਿਆਂ ਘਰ ਸੰਤਾਨ ਦਾ ਤੈਨੂੰ ਵਿਗੋਚਾ ਸੀ ਉਨ੍ਹਾਂ ਤੇ ਵੀ ਸਤਿਗੁਰੂ ਤੁਠੇ ਹਨ, ਗੋਦਾਂ ਹਰੀਆਂ ਹਨ। ਤੇਰੀ ਕੀਤੀ ਹੋਈ ਸਤਿਗੁਰੂ ਤੇ ਸਾਧ-ਸੇਵਾ ਹੀ ਰੰਗ ਲਿਆਈ ਹੈ।

ਮੈਂ ਇਹ ਗੱਲ ਨਿਰਸੰਕੋਚ ਮੰਨਦਾ ਹਾਂ ਕਿ ਤੂੰ ਜੇ ਮੇਰੀ ਜੀਵਨ ਸੰਗਣ ਨਾ ਹੁੰਦੀ ਤਾਂ ਮੈਂ ਕਈ ਵਾਰ ਸਦ ਮਾਰਗੋਂ ਥਿੜਕ ਸਕਦਾ ਸਾਂ ਕਿਉਂਕਿ ਮੇਰੇ ਆਲੇ ਦੁਆਲੇ ਤੇ ਮੇਰੇ ਸਿਆਸੀ ਸਮਾਜ ਵਿਚ ਜਿਵੇਂ ਪਦਾਰਥ ਨੇ ਸਾਤਵਿਕਤਾ, ਸਾਦਗੀ, ਮਾਨਸਿਕ ਸ਼ਾਂਤੀ ਨੂੰ ਤਿਲਾਂਜਲੀ ਦੇ ਰਖੀ ਹੈ, ਮੈਂ ਇਸ ਤੋਂ ਬੇ-ਵਾਸਤਾ ਨਹੀਂ ਸੀ ਹੋ ਸਕਣਾ। ਮੈਨੂੰ ਜਦੋਂ ਵੀ ਕਿਤੇ ਥਿੜਕਣ ਨੇ ਆਕਰਸ਼ਤ ਕੀਤਾ ਤੇਰੇ ਸਾਥ ਨੇ ਮੈਨੂੰ ਅਸ਼ਾਂਤੀ ਖੇਤਰ ਵਿਚ ਜਾਣੋਂ ਵਰਜਿਆ। ਪਿਆਰੀ ਮਹਿੰਦਰ! ਤੂੰ ਮੇਰੀ ਰੂਹ ਵਿਚ ਸਮਾਈ ਬੈਠੀ ਹੈਂ, ਕਿਤੇ ਗਈ ਨਹੀਂ। ਤੂੰ ਮੁਕਤ ਹੈਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਵੀ ਮੌਜ ਲੈ ਰਹੀ ਹੈਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਤੇਰੇ ਹੱਥ ਬਹੁਕਰਾਂ ਬੁਹਾਰੀਆਂ ਕਰਦੇ, ਫੁੱਲ ਗੁਲਦਸਤੇ ਥਾਂ ਸਿਰ ਟਿਕਾਂਦੇ, ਖੁਸ਼ਬੂਆਂ ਖਿਲਾਰਦੇ ਕਾਰਜਰਤ ਹਨ—ਓਧਰ ਤੂੰ ਪਰਮ ਬ੍ਰਹਮ ਵਿਚ ਵੀ ਵਿਆਪਤ ਹੈਂ।

ਹਾਂ, ਇਕ ਗੱਲ ਯਾਦ ਆਈ, ਕਿਤੇ ਜੇ ਤੇਰਾ ਆਪਣੇ ਬਾਲ ਬੱਚੇ ਵੱਲ ਝਾਤ ਮਾਰਨ ਤੇ ਜੀ ਕਰ ਆਵੇ ਤਾਂ ਤੂੰ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਪਹਿਲੀਆਂ ਕੋਠੀਆਂ ਦੀ ਭਾਲ ਵਿਚ ਨਾ ਨਿਕਲੀਂ। ਉਹਨਾਂ ਨੂੰ ਮੁਨਾਸਬ ਕੀਮਤ ਅਤੇ ਯੋਗ ਸ਼ਰਤਾਂ ਨਾਲ ਫ਼ਰੋਖ਼ਤ ਕਰ ਦਿਤਾ ਹੈ। ਹੁਣ ਤੈਨੂੰ ਨਵੀਆਂ ਥਾਵਾਂ ਦੇ ਬੂਹੇ ਖਟਖਟਾਣੇ ਪੈਣਗੇ। ਅਸੀਂ ਆਪਣੇ ਕਾਰੋਬਾਰਾਂ ਨੂੰ ਉਨਤ-ਪ੍ਰਫੁਲਤ ਕਰਨ ਵਾਸਤੇ ਹੁਣ ਨਵੀਆਂ ਕੋਠੀਆਂ ਤਾਮੀਰ ਕਰਾਂਗੇ, ਪਹਿਲੇ ਫਾਰਮ ਤੋਂ ਇਲਾਵਾ ਨਵੀਆਂ ਜ਼ਮੀਨਾਂ ਤੇ ਨਵੀਂ ਦੁਨੀਆਂ ਸਿਰਜਾਂਗੇ। ਤੂੰ ਵੇਖੇਂਗੀ ਕਿ ਤੇਰੇ ਸੱਤ ਪੁੱਤਰ ਸੱਤ ਤਰਲੋਕ ਸਿੰਘ ਬਣਨਗੇ ਅਤੇ ਆਪਣੀ ਬਾਦਸ਼ਾਹਤ ਨੂੰ ਚਿਰੰਜੀਵ ਕਰਨਗੇ। ਇਸ ਵਿਚ ਸੰਦੇਹ ਨਹੀਂ ਕਿ ਤੈਨੂੰ ਆਪਣੇ ਪੂਰਬ ਪਰਵਾਹ ਨੂੰ ਮਿਲਣ ਵਾਸਤੇ ਭਾਰਤ, ਥਾਈਲੈਂਡ ਅਤੇ ਅਮਰੀਕਾ ਜਾਣਾ ਪਵੇਗਾ— ਪਰ ਤੈਨੂੰ ਕਿਹੜਾ ਹੁਣ ਪਾਸਪੋਰਟਾਂ, ਵੀਜ਼ਿਆਂ ਤੇ ਹਵਾਈ ਉਡਾਰੀਆਂ ਦਾ ਚੱਕਰ ਹੋਵੇਗਾ—ਹੁਣ ਤਾਂ ਕਲਪਣਾ ਤੇ ਸਵਾਰੀ ਕਰ ਕਿਤੇ ਵੀ ਤੂੰ ਮਨ-ਗਤੀ ਨਾਲ ਪਹੁੰਚ ਸਕਦੀ ਹੈ।

ਇਹ ਪੱਤਰ ਤੈਨੂੰ ਬੜੇ ਵਿਸ਼ਵਾਸ ਅਤੇ ਆਸ ਨਾਲ ਭੇਜ ਰਿਹਾ ਹਾਂ। ਇਹ "ਵਰਿਆਮ" ਦੇ ਹੱਥ ਜਾ ਰਿਹਾ ਹੈ ਜਿਸਨੇ ਮਲੇਰਕੋਟਲੇ ਉਚੀ ਪਹੁੰਚ ਨਾਲ ਸ਼ਹੀਦੀ ਪਾਈ ਸੀ ਅਤੇ ਜਿਸਨੇ ਸਤਿਗੁਰੂ ਰਾਮ ਸਿੰਘ ਜੀ ਇੱਛਾ ਅਤੇ ਆਦੇਸ਼ ਤੇ ਪੁਸ਼ਪ ਭੇਟ ਕਰਦਿਆਂ ਆਪਣੀ ਜੁਆਨ ਜਿੰਦੜੀ ਤੋਪ ਦੇ ਮੂੰਹ ਚੋ ਦਿਤੀ ਸੀ। ਇਹ ਪੱਤਰ "ਵਰਿਆਮ" ਓਸੇ ਦੀ ਯਾਦ ਵਿਚ ਹਰ ਮਹੀਨੇ ਪ੍ਰਕਾਸ਼ਤ ਹੁੰਦਾ ਹੈ। ਮੈਂ ਆਪਣੀ ਚਿੱਠੀ ਏਸੇ ਦੇ ਸਪੁਰਦ ਕਰ ਰਿਹਾ ਹਾਂ ਕਿ ਤੂੰ ਇਸ ਘੜੀ ਜਿਥੇ ਵੀ ਹੋਵੇਂ ਇਹ ਤੈਨੂੰ ਜਾ ਮਿਲੇ। "ਵਰਿਆਮ" ਦੀ ਸੁਗੰਧਤਾ ਚਹੁੰ ਕੂੰਟਾਂ ਵਿਚ ਹੈ।ਇਸ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਦ ਹਸਤ ਹੈ।

ਚੰਗਾ ਫਿਰ, ਅਗਲੀ ਪਹੁੰਚ ਤਕ ਸਤਿਸ੍ਰੀ ਅਕਾਲ।

ਤੇਰਾ ਆਪਣਾ:
ਤਰਲੋਕ ਸਿੰਘ (ਸੇਠ)



Sri Satguru Jagjit Singh Ji eLibrary NamdhariElibrary@gmail.com

ਪ. ਸ.

ਹਾਂ ਸੱਚ, ਤੇਰੇ ਵਿਛੋੜੇ ਵਾਲੇ ਸਾਲਾਂ ਵਿਚ ਤੇਰੀ ਸਿਮ੍ਰਤੀ ਵਿਚ ਬੜਾ ਕੁਛ ਲਿਖਿਆ-ਛਾਪਿਆ ਗਿਆ। ਕਿਸੇ ਨੇ ਤੈਨੂੰ ਸੇਠਣੀ ਮਹਿੰਦਰ ਕੌਰ ਲਿਖ ਦਿਤਾ। ਸਾਨੂੰ ਤਾਂ ਕੋਈ ਓਪਰੀ ਗੱਲ ਨਹੀਂ ਜਾਪੀ, ਰੋਜ਼ ਏਸੇ ਵਿਸ਼ੇਸ਼ਣ ਨਾਲ ਸੁਣਦੇ ਸਾਂ। ਇਕ ਹੋਰ ਸੁਚੇਤ ਵਿਦਵਾਨ ਨੇ "ਵਰਿਆਮ" ਨੂੰ ਚਿੱਠੀ ਲਿਖੀ: ਏਨੀ ਸ਼ਾਨਦਾਰ ਔਰਤ ਨੂੰ ਸੇਠਣੀ ਕਿਉਂ ਕਹਿੰਦੇ ਹੋ, ਕਿਉਂ ਸ਼ਬਦ ਵਿਗਾੜ ਕਰਦੇ ਹੋ। ਉਹ ਤਾਂ ਦੇਵੀ ਇਸਤਰੀ ਸੀ, ਜੇ ਵਿਸ਼ੇਸ਼ਣ ਵਰਤਣਾ ਹੀ ਸੀ ਤਾਂ ਸੇਠਾਣੀ ਮਹਿੰਦਰ ਕੌਰ ਲਿਖਦੇ। ਇਸ ਗੱਲ ਨੇ ਮੈਨੂੰ ਬੜਾ ਅੰਦੋਲਿਤ ਕੀਤਾ। ਇਸਦਾ ਮਤਲਬ ਇਹ ਕਿ "ਵਰਿਆਮ" ਨੂੰ ਹਰ ਕੋਈ ਪੜ੍ਹਦਾ ਹੈ, ਸਾਧਾਰਨ ਵੀ ਤੇ ਵਿਦਵਾਨ ਵੀ ਤੇ ਪੜ੍ਹਦਾ ਵੀ ਧਿਆਨ ਨਾਲ ਹੈ।

ਇਕ ਵਾਰ ਫੇਰ ਵਿਦਾ।

ਤ. ਸ.


With best compliments from :

MEX
SWITCHGEAR
PVT. LTD.

Tanda Road, JALANDHAR.

Phone : 72116


ਭਾਰਤੀ ਜਨ ਜੀਵਨ

# ਦੂਰ ਦਰਸ਼ਨ : ਦਰਦ ਵੀ ਦਵਾ ਵੀ

—ਦੀਵਾਨ ਬਰਿੰਦਰ ਨਾਥ—

ਇਕ ਕੇਂਦਰੀ ਮੰਤਰਾਲੇ ਦੇ ਸੈਕਟਰੀ ਦੇ ਨਿਜੀ ਸਕੱਤਰ ਨੇ ਇਕ ਦੂਜੇ ਮੰਤਰਾਲੇ ਦੇ ਸੈਕਟਰੀ ਦੇ ਨਿੱਜੀ ਸਕੱਤਰ ਨੂੰ ਟੈਲੀਫੂਨ ਤੇ ਕਿਤਾ ਕਿ ਸਾਡੇ ਸੈਕਟਰੀ ਤੁਹਾਡੇ ਸੈਕਟਰੀ ਨਾਲ ਗੱਲ ਕਰਨਾ ਚਾਹੁੰਦੇ ਹਨ। ਇਧਰੋਂ ਜੁਆਬ ਮਿਲਿਆ 'ਸੈਕਟਰੀ ਦੇ ਇਕ ਰਿਸ਼ਤੇਦਾਰ ਦੀ ਅਚਾਨਕ ਮੌਤ ਹੋ ਗਈ ਹੈ ਉਹ ਉਸ ਦੇ ਅੰਤਮ ਸੰਸਕਾਰ ਤੋਂ ਵਿਹਲੇ ਹੋ ਕੇ ਹੀ ਦਫਤਰ ਆਉਣਗੇ।' ਨਿਜੀ ਸਕਤਰ ਨੇ ਇਹੀ ਗੱਲ ਆਪਣੇ ਬੌਸ ਨੂੰ ਦਸੀ। ਉਹਨਾਂ ਕਿਹਾ ਕਿ ਦੂਜੇ ਨਿਜੀ ਸਕੱਤਰ ਨੂੰ ਦੱਸ ਦਿਉ ਕਿ ਸਾਡੇ ਸੈਕਟਰੀ ਸਾਹਿਬ ਤੁਹਾਡੇ ਸੈਕਟਰੀ ਸਾਹਿਬ ਨਾਲ ਅਪੁਆਇੰਟਮੈਂਟ ਅਨੁਸਾਰ ਬਾਰ੍ਹਾਂ ਵਜੇ ਨਹੀਂ ਮਿਲ ਸਕਣਗੇ ਕਿਉਂਕਿ ਉਹਨਾਂ ਦੇ ਦੰਦ ਦਰਦ ਕਰਦੇ ਹਨ ਤੇ ਉਹ ਡਾਕਟਰ ਨੂੰ ਦਿਖਾਉਣ ਜਾ ਰਹੇ ਹਨ।

ਕੁਝ ਚਿਰ ਪਿਛੋਂ ਦੋਵੇਂ ਸੈਕਟਰੀ ਇਕ ਦੂਜੇ ਦੇ ਨਾਲ ਦੀਆਂ ਸੀਟਾਂ ਤੇ ਬੈਠੇ ਸਨ ਅੰਤ੍ਰ ਰਾਸ਼ਟਰੀ ਫਿਲਮ ਫੇਸਟੀਵਲ ਵਿਚ ਇਕ ਗਰਮਾ ਗਰਮ ਵਿਦੇਸ਼ੀ ਫਿਲਮ ਦੇਖਣ ਲਈ। ਇਹ ਨਾ ਪੁਛੋ ਕਿ ਉਸ ਦੇ ਪਿਛੋਂ ਕਿਸ ਨੇ ਦੋਸਤ ਦੇ ਰਿਸ਼ਤੇਦਾਰ ਦੀ ਮੌਤ ਤੇ ਕਿਸ ਤਰ੍ਹਾਂ ਦੁਖ ਪ੍ਰਗਟ ਕੀਤਾ ਅਤੇ ਕਿਸ ਨੇ ਕਿਸ ਤਰ੍ਹਾਂ ਦੰਦਾਂ ਦੇ ਦਰਦ ਦਾ ਹਾਲ ਪੁਛਿਆ!

ਇਸ ਸੱਚੀ ਘਟਨਾ ਤੋਂ ਇਹ ਸਬਕ ਮਿਲਦਾ ਹੈ ਕਿ ਅਜ ਕਲ੍ਹ ਵਡੇ ਅਫਸਰਾਂ ਨੂੰ ਦਫਤਰੋਂ 'ਫੂਟਣ' ਸਮੇਂ ਜ਼ਰਾ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ ਕਿਉਂਕਿ ਹਰ ਇਕ ਨੂੰ 'ਫਿਲਮ ਫੈਸਟੀਵਲ' ਦਾ ਬੁਖਾਰ ਹੋ ਰਿਹਾ ਹੈ ਅਤੇ ਕੀ ਪਤਾ ਕਿਸੇ ਦਾ ਬੁਖਾਰ ਕਿਸੇ ਦੇ ਸਿਰ ਤੇ ਚੜ੍ਹਕੇ ਬੋਲਣ ਲਗੇ।

ਫੈਸਟੀਵਲ ਕੀ ਹੋ ਰਿਹਾ ਹੈ ਦਫਤਰਾਂ ਦੇ ਦਫਤਰ ਖਾਲੀ ਹੋ ਗਏ। ਅਫਸਰ ਦੀ ਚਲਦੀ ਅਤੇ ਕਲਰਕ ਦੀ ਪਹੁੰਚ ਦਾ ਪੈਮਾਨਾ ਇਹੀ ਬਣ ਗਿਆ ਹੈ ਕਿ ਫਿਲਮ ਫੇਸਟੀਵਲ ਦੀਆਂ ਕਿੰਨੀਆਂ ਫਿਲਮਾਂ ਦੇ ਪਾਸ ਉਸ ਨੇ ਆਪਣੇ ਲਈ ਅਤੇ ਆਪਣੇ ਦੋਸਤਾਂ, ਦੋਸਤਾਂ ਦੇ ਦੋਸਤਾਂ, ਸਕੇ-ਸਬੰਧੀਆਂ ਅਤੇ ਸਬੰਧੀਆਂ ਦੇ ਸਬੰਧੀਆਂ ਲਈ ਮਾਰ ਲਏ ਹਨ। ਵਿਦੇਸ਼ ਮੰਤਰਾਲੇ ਵਿਚ ਵਡੇ-ਵਡੇ ਅਫਸਰਾਂ ਦੇ ਖਾਲੀ ਕਮਰੇ ਦੇਖ ਕੇ ਲਗਦਾ ਹੈ ਕਿ ਜਾਂ ਤਾਂ ਸਭ ਦੇ ਰਿਸ਼ਤੇਦਾਰ ਇਕੱਠੇ ਹੀ ਰੱਬ ਨੂੰ ਪਿਆਰੇ ਹੋ ਗਏ ਜਾਂ ਹਰ ਇਕ ਦੇ ਦੰਦਾਂ ਵਿਚ ਅਜਿਹਾ ਦਰਦ ਉਠਿਆ ਕਿ ਦਸ



Sri Satguru Jagjit Singh Ji eLibrary NamdhariElibrary@gmail.com

ਪੰਦਰਾਂ ਦਿਨਾਂ ਪਿਛੋਂ ਹੀ ਚੈਨ ਨਾਲ ਬੈਠਣ ਦੇਵੇਗਾ।

ਫਿਲਮ ਫੈਸਟੀਵਲ ਦੀ ਇਸ ਬੀਮਾਰੀ ਨੂੰ ਫੈਲਾਉਣ ਵਿਚ ਪੱਤਰਕਾਰਾਂ ਦਾ ਵੀ ਖਾਸਾ ਹੱਥ ਹੈ। 'ਰਾਸ਼ਟਰੀ' ਭਾਵ ਅੰਗਰੇਜ਼ੀ ਅਖਬਾਰ (ਭਾਰਤ ਹੀ ਇਕੋ ਇਕ ਅਭਾਗਾ ਦੇਸ਼ ਹੈ ਜਿਥੇ ਵਿਦੇਸ਼ੀ ਭਾਸ਼ਾ ਦੇ ਅਖਬਾਰ ਹੀ 'ਰਾਸ਼ਟਰੀ' ਕਹਾਉਂਦੇ ਹਨ) ਕਿਸੇ ਵੀ ਵਿਸ਼ੇ ਦੇ ਮੁਕਾਬਲੇ ਵਿਚ ਸਭ ਤੋਂ ਜ਼ਿਆਦਾ ਫਿਲਮ ਫੈਸਟੀਵਲ ਦੇ ਹਵਾਲੇ ਹੁੰਦੇ ਹਨ। ਫਿਲਮ ਫੈਸਟੀਵਲ ਨਾ ਹੋਇਆ ਇਕੀਵੀਂ ਸਦੀ ਹੋ ਗਈ ਜਿਸ ਦਾ ਭੂਤ ਹਰ ਛੋਟੇ ਵਡੇ ਨੇਤਾ ਦੇ ਸਿਰ ਚੜ੍ਹਕੇ ਆਪਣੇ ਆਪ ਭਾਸ਼ਣ ਦੇਈ ਜਾ ਰਿਹਾ ਹੈ।

ਦਿੱਲੀ ਵਿਚ ਗਰਮੀ ਦੋ 'ਸੀਜ਼ਨਾਂ' ਵਿਚ ਹੀ ਹੁੰਦੀ ਹੈ ਜਾਂ ਤਾਂ ਫਿਲਮ ਫੈਸਟੀਵਲ ਦੇ ਸਮੇਂ ਜਾਂ ਕ੍ਰਿਕਟ ਮੈਚ ਦੌਰਾਨ। ਦੋਹਾਂ ਮੌਕਿਆਂ ਤੇ ਬਾਕੀ ਕੰਮ ਕਾਰ ਤਾਂ ਠੱਪ ਹੋ ਜਾਂਦੇ ਹਨ ਪਰ ਇਕੀਵੀਂ ਸਦੀ ਦੀਆਂ ਹੋਣਹਾਰ ਮਾਨਤਾਵਾਂ ਦੇ ਭਰਪੂਰ ਦਰਸ਼ਨ ਜ਼ਰੂਰ ਹੋ ਜਾਂਦੇ ਹਨ। ਇਹਨਾਂ ਮਾਨਤਾਵਾਂ ਦੇ ਅਨੁਸਾਰ ਵੱਡਾ ਅਫਸਰ ਉਹ ਹੈ ਜਿਹੜਾ ਆਪਣੇ ਦਫਤਰ ਇਸ ਸਭ ਤੋਂ ਘੱਟ ਦਿਖਾਈ ਦਿੰਦਾ ਹੈ। ਪਹੁੰਚ ਵਾਲਾ ਆਦਮੀ ਉਹ ਹੈ ਜਿਹੜਾ ਵੱਧ ਤੋਂ ਵੱਧ ਨੇਤਾਵਾਂ, ਅਭਿਨੇਤਾਵਾਂ ਅਤੇ ਕ੍ਰਿਕਟ ਸਿਤਾਰਿਆਂ ਦੇ ਨਾਲ ਦੇਖਿਆ ਜਾਵੇ ਅਤੇ ਸਭ ਤੋਂ ਵੱਧ ਇੱਜ਼ਤ ਵਾਲਾ ਉਹ ਹੈ ਜਿਹੜਾ ਕਾਲੇ ਧੰਨ ਦਾ ਸਭ ਤੋਂ ਵੱਧ ਪ੍ਰਦਰਸ਼ਨ ਕਰ ਸਕੇ।

ਖੈਰ ਫਿਲਮ ਫੈਸਟੀਵਲ ਤਾਂ ਇਕ ਅੱਧੇ ਹਫਤੇ ਦਾ ਖੇਲ ਹੈ। ਪਰ ਟੈਲੀਵੀਜ਼ਨ ਨਾਲ ਤਾਂ ਵਿਚਾਰੀ ਜਨਤਾ ਦਾ ਜੀਵਨ ਮਰਨ ਦਾ ਸਾਥ ਹੈ ਕਿਉਂਕਿ ਹੁਣ ਸਰਕਾਰ ਜਦੋਂ ਵੀ ਦੁਧ, ਕੋਲੇ ਜਾਂ ਲੋਹੇ ਦੇ ਭਾਅ ਡਿਉਢੇ ਕਰਦੀ ਹੈ ਤਾਂ ਨਾਲ ਹੀ ਸੂਚਨਾ ਅਤੇ ਪ੍ਰਚਾਰਨ ਮੰਤਰੀ ਇਹ ਐਲਾਨ ਵੀ ਕਰਦੇ ਹਨ ਕਿ ਦੋ ਦੀ ਥਾਂ ਤਿੰਨ ਫਿਲਮਾਂ ਹਰ ਹਫਤੇ ਦਿਖਾਈਆਂ ਜਾਣਗੀਆਂ ਜਾਂ ਦੁਪਹਿਰ ਨੂੰ ਵੀ ਰੰਗਾ-ਰੰਗ ਮਨੋਰੰਜਨ ਪ੍ਰੋਗਰਾਮ ਦਾ ਬੰਦੋਬਸਤ ਕੀਤਾ ਜਾਵੇਗਾ। ਮਤਲਬ ਇਹ ਕਿ ਬਚਿਆਂ ਦੇ ਦੁੱਧ ਵਿਚ ਕਟੌਤੀ ਦੀ ਕਸਰ ਉਹਨਾਂ ਨੇ ਇਕ ਫ਼ਿਲਮ ਹੋਰ ਦਿਖਾ ਕੇ ਪੂਰੀ ਕਰ ਲਈ। ਇਸੇ ਸਿਲਸਿਲੇ ਵਿਚ ਦਿਲੀ ਦਿਲੀ ਵਿਚ ਦੁਧ ਦੇ ਭਾਅ ਡਿਉਢੇ ਕਰਨ ਦੇ ਵਿਰੁਧ ਵੱਡਾ ਜਨ-ਪ੍ਰਦਰਸ਼ਨ ਠੱਪ ਹੋ ਕੇ ਰਹਿ ਗਿਆ ਕਿਉਂਕਿ ਅਨਜਾਣ ਪ੍ਰਬੰਧਕਾਂ ਨੂੰ ਇਹ ਖਿਆਲ ਹੀ ਨਾ ਰਿਹਾ ਕਿ ਐਤਵਾਰ ਦੀ ਸਵੇਰ ਸੀਰੀਅਲਾਂ ਦਾ ਸਮਾਂ ਹੈ ਅਤੇ ਉਸ ਸਮੇਂ ਤਾਂ 'ਮੁਰਦੇ' ਦਾ ਅੰਤਮ ਸੰਸਕਾਰ ਵੀ ਨਹੀਂ ਕੀਤਾ ਜਾਂਦਾ ਕਿਉਂਕਿ 'ਅੰਤਮ ਸੰਸਕਾਰ' ਤਾਂ ਫਿਰ ਵੀ ਹੋ ਸਕਦਾ ਹੈ ਪਰ ਗਿਆ ਸੀਰੀਅਲ ਗੁਜ਼ਰੇ ਸਮੇਂ ਦੀ ਤਰ੍ਹਾਂ ਫਿਰ ਹੱਥ ਨਹੀਂ ਆਉਂਦਾ।

ਇਕ ਵਿਚਾਰਨ ਯੋਗ ਗੱਲ ਵਲ ਆਮ ਤੌਰ ਤੇ ਸਾਡੇ ਬੁਧੀਜੀਵੀ ਵਰਗ ਦਾ ਧਿਆਨ ਨਹੀਂ ਗਿਆ। ਉਹ ਇਹ ਹੈ ਕਿ ਸਰਕਾਰ ਭਾਵੇਂ ਬਾਕੀ ਸਾਰੀਆਂ ਜ਼ਰੂਰੀ ਸੇਵਾਵਾਂ ਵਿਚ ਕਮੀ ਕਰ ਦੇਵੇ ਜਾਂ ਕਿਸੇ ਵੀ ਮਾਮਲੇ 'ਚ ਨਾਲਾਇਕੀ ਦਾ ਪ੍ਰਦਰਸਨ ਕਰ ਦੇਵੇ ਪਰ ਦੂਰਦਰਸ਼ਨ ਤੋਂ ਫਿਲਮਾਂ ਅਤੇ 'ਮਨੋਰੰਜਨ' ਸਬੰਧੀ ਪ੍ਰੋਗਰਾਮਾਂ ਵਿਚ ਵਾਕਿਆ ਹੀ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ—ਸਾਡੇ ਦੇਖਦੇ ਹੀ ਦੇਖਦੇ ਹਫਤੇ ਵਿਚ ਘਟੋ ਘਟ ਤਿੰਨ ਫਿਲਮਾਂ ਦਿਖਾਈਆਂ ਜਾਣ ਲਗੀਆਂ, ਘਟੋ ਘਟ ਤਿੰਨ ਚਿਤਰਹਾਰ ਹਨ, ਘਟੋ ਘਟ ਬਾਰਾਂ 'ਸਨੋਰੰਜਨ' ਸਬੰਧੀ ਸੀਰੀਅਲ ਹਨ ਅਤੇ ਹਾਸ ਵਿਅੰਗ ਦੇ ਨਾਂ ਤੇ ਉਲਟੇ-ਪੁਲਟੇ ਅਣਗਿਣਤ ਪ੍ਰੋਗਰਾਮਾਂ ਦੀ ਤਾਂ ਗਿਣਤੀ ਹੀ ਨਹੀਂ। ਪ੍ਰੋਗਰਾਮ ਸਬੰਧੀ ਸੂਚਨਾਵਾਂ ਦੇ ਅਨੁਸਾਰ ਦੂਰਦਰਸ਼ਨ ਅਜ ਕਲ੍ਹ ਹਰ ਹਫਤੇ ਸੋਲ੍ਹਾਂ ਘੰਟੇ ਦੇ ਉਹ ਪ੍ਰੋਗਰਾਮ ਪੇਸ਼ ਕਰ ਰਿਹਾ ਹੈ ਜਿਨ੍ਹਾਂ ਦਾ ਸਿੱਧਾ ਸਬੰਧ ਜਾਂ ਤਾਂ ਫਿਲਮਾਂ ਨਾਲ ਹੈ (ਔਸਤ ਨੌਂ ਘੰਟੇ ਪ੍ਰਤੀ ਹਫਤਾ) ਜਾਂ ਫਿਲਮ ਦੀ ਨਕਲ ਕਰਨ ਵਾਲੇ ਸੀਰੀਅਲਾਂ ਤੋਂ ਹੈ।

ਇਸ ਦੀਆਂ ਮਸ਼ਹੂਰੀਆਂ ਤੋਂ ਹੀ ਦੂਰਦਰਸ਼ਨ ਨੂੰ ਹਰ ਹਫਤੇ ਘਟੋ ਘਟ ਸਾਢੇ ਚਾਰ ਕਰੋੜ ਰੁਪਏ ਦੀ ਆਮਦਨ ਹੋ ਰਹੀ ਹੈ। ਇਸ਼ਤਿਹਾਰ ਉਦਯੋਗ ਦਾ ਇਕ ਮੋਟਾ ਅਸੂਲ ਇਹ ਹੈ ਕਿ ਜਿੰਨਾ ਇਸ਼ਤਿਹਾਰ ਤੇ ਖਰਚ ਹੋਇਆ ਹੈ ਉਸ ਤੋਂ ਪੰਦਰਾਂ ਵੀਹ ਗੁਣਾਂ ਕੀਮਤ ਦਾ ਮਾਲ ਜ਼ਰੂਰ ਵਿਕਣਾ ਚਾਹੀਦਾ ਹੈ। ਮਤਲਬ ਇਹ ਹੈ ਕਿ ਇਹਨਾਂ ਪ੍ਰੋਗਰਾਮਾਂ ਦੇ ਸਹਾਰੇ ਮੂੰਹ ਮੰਗੇ ਟੂਥ ਪੇਸਟ, ਪਾਨ ਮਸਾਲਾ ਅਤੇ ਸਿਰ ਦਰਦ ਦੀਆਂ ਗੋਲੀਆਂ ਵੇਚਣ ਵਾਲੇ ਉਦਯੋਗਪਤੀ ਪੰਜਾਹ ਸੱਠ ਕਰੋੜ ਦਾ ਮਾਲ ਜਨਤਾ ਦੇ ਸਿਰ ਮੜ੍ਹ ਰਹੇ ਹਨ। ਮੈਂ ਕਈ ਵਾਰ ਸੋਚਦਾ ਹਾਂ ਕਿ ਦੂਰਦਰਸ਼ਨ ਤੇ ਪਾਨ ਮਸਾਲਾ ਅਤੇ ਟੂਥ ਪੇਸਟ ਦੀਆਂ ਮਸ਼ਹੂਰੀਆਂ ਨਾਲ-ਨਾਲ ਕਿਉਂ ਆਉਂਦੀਆਂ ਹਨ। ਜਵਾਬ ਸਾਫ ਹੈ ਪਾਨ ਮਸਾਲੇ ਨਾਲ ਦੰਦਾਂ ਦਾ ਜੋ ਕਬਾੜਾ ਹੁੰਦਾ ਹੈ ਉਸ ਦੀ ਰਹੀ ਸਹੀ ਕਸਰ ਟੂਥ ਪੇਸਟ ਨਾਲ ਪੂਰੀ ਕਰ ਲਉ ਅਤੇ ਸਿਰ ਦਰਦ ਦੀਆਂ ਗੋਲੀਆਂ ਦੀ ਮਸ਼ਹੂਰੀ ਤਾਂ ਦੂਰਦਰਸ਼ਨ ਤੋਂ ਹੋਣੀ ਹੀ ਚਾਹੀਦੀ ਹੈ ਕਿਉਂਕਿ ਇਕ ਪੁਰਾਣੇ ਫਿਲਮੀ ਗਾਣੇ ਦੇ ਬੋਲ ਹਨ 'ਤੁਮਹੀ ਨੇ ਦਰਦ ਦੀਆ ਤੁਮਹੀ ਦਵਾ ਦੇਨਾ' ਅਤੇ ਲੁਤਫ ਇਹ ਹੈ ਕਿ ਕਮਾਈ ਦੋਹਾਂ ਨਾਲ ਹੁੰਦੀ ਹੈ, ਸਿਰ ਦਰਦ ਦੇਣ ਨਾਲ ਵੀ ਅਤੇ ਸਿਰ ਦਰਦ ਦੀ ਗੋਲੀ ਵੇਚ ਕੇ ਵੀ।

ਪਰ ਕਦੀ ਤੁਸੀਂ ਸੋਚਿਆ ਹੈ ਕਿ ਹਰ ਹਫਤੇ ਘਟੋਘਟ ਸੋਲ੍ਹਾਂ ਘੰਟੇ ਫਿਲਮਨੁਮਾ ਪ੍ਰੋਗਰਾਮਾਂ ਦਾ ਕਿੰਨਾ ਭਿਆਨਕ ਨਤੀਜਾ ਨਵੀਂ ਪੀੜੀ ਦੇ ਸਾਹਮਣੇ ਆ ਰਿਹਾ ਹੈ। ਜ਼ਰਾ ਸੋਚੋ



Sri Satguru Jagjit Singh Ji eLibrary NamdhariElibrary@gmail.com

ਇਕ ਹਫਤੇ ਵਿਚ ਇਕ ਸੌ ਅਠਾਹਠ ਘੰਟੇ ਹੁੰਦੇ ਹਨ। ਇਹਨਾਂ ਵਿਚੋਂ ਤਿੰਨ ਚੌਥਾਈ ਭਾਵ ੧੨੬ ਘੰਟੇ ਤਾਂ ਇਨਸਾਨ ਆਮ ਜੀਵਨ ਦੇ ਕੰਮ ਕਾਜ, ਖਾਣ ਪੀਣ, ਦਫਤਰ ਜਾਣ, ਬੱਸ ਫੜਨ, ਸਕੂਲ ਕਾਲਜ ਜਾਣ, ਘਰ ਦਾ ਕੰਮ ਕਾਜ ਕਰਨ ਅਤੇ ਦੂਜੇ ਜ਼ਰੂਰੀ ਕੰਮਾਂ ਤੇ ਲਾਉਣ ਲਈ ਮਜਬੂਰ ਹੈ, ਬਾਕੀ ਬਚੇ ੪੨ ਘੰਟੇ।

ਇਹ ਸਮਾਂ ਹੈ ਆਪਸੀ ਮੇਲਜੋਲ, ਹੱਸਣ-ਖੇਡਣ ਅਤੇ ਲਿਖਣ ਪੜ੍ਹਨ ਦਾ। ਇਸ ਵਿਚ ਵੀ ਜੇਕਰ ਲਗਪਗ ਅੱਧਾ ਸਮਾਂ ਦੂਰਦਰਸ਼ਨ ਦੀਆਂ ਫਿਲਮਾਂ ਅਤੇ ਫਿਲਮੀ ਪ੍ਰੋਗਰਾਮ ਖਾ ਜਾਣ ਤਾਂ ਬਾਕੀ ਕੀ ਬਚਿਆ ?

ਇਹੀ ਨਹੀਂ ਸਰਹੱਦੀ ਇਲਾਕਿਆਂ ਭਾਵ ਪੰਜਾਬ, ਕਸ਼ਮੀਰ, ਰਾਜਸਥਾਨ ਅਤੇ ਗੁਜਰਾਤ ਆਦਿ ਵਿਚ ਪਾਕਿਸਤਾਨੀ ਟੈਲੀਵੀਜ਼ਨ ਵੀ ਮੌਜੂਦ ਹੈ ਅਤੇ ਵੀ ਸੀ ਆਰ ਜਿਹੜਾ ਹੱਲਾ ਬੋਲ ਰਿਹਾ ਹੈ, ਉਹ ਵੱਖਰਾ। ਦਿੱਲੀ ਬਾਰੇ ਇਕ ਸਰਕਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਕੂਲ ਜਾਣ ਵਾਲੇ ਇਕ ਤਿਹਾਈ ਬੱਚੇ ਅਜਿਹੇ ਹਨ ਜਿਹੜੇ ਹਰ ਹਫਤੇ ਘਟੋ ਘਟ ੨੪ ਘੰਟੇ ਵੀ ਸੀ ਆਰ ਤੇ ਫਿਲਮਾਂ ਸੀਰੀਅਲ ਅਤੇ ਡਰਾਮੇ ਆਦਿ ਦੇਖ ਕੇ ਗੁਆਉਂਦੇ ਹਨ।

ਸਿਖਿਆ ਮੰਤਰਾਲੇ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬੱਚੇ ਹੁਣ ਸਕੂਲ ਦੀਆਂ ਕਿਤਾਬਾਂ ਵੀ ਘਰ ਨਹੀਂ ਪੜ੍ਹ ਸਕਦੇ। ਸਕੂਲ ਦੀਆਂ ਕਿਤਾਬਾਂ ਤੋਂ ਬਿਨਾਂ ਕੋਈ ਪੜ੍ਹਾਈ ਲਿਖਾਈ ਨਹੀਂ ਕਰਦੇ। ਦੇਰ ਰਾਤ ਫਿਲਮਾਂ ਨੇ (ਅਸ਼ਲੀਲਤਾ ਤੋਂ ਬਿਨਾਂ) ਬੱਚਿਆਂ ਦੀ ਪੜ੍ਹਾਈ ਤਬਾਹ ਕਰਕੇ ਰੱਖ ਦਿਤੀ ਹੈ। ਜਿਥੇ ਇਕ ਜਾਂ ਦੋ ਕਮਰਿਆਂ ਦੇ ਘਰ ਹੋਣ ਉਥੇ ਇਹ ਕਿੰਨਾ ਮਜ਼ਾਕ ਲਗਦਾ ਹੈ ਕਿ ਬੱਚਿਆਂ ਨੂੰ ਦੇਰ-ਰਾਤ ਦੀਆਂ ਫਿਲਮਾਂ ਤੋਂ ਪਹਿਲਾਂ ਸੁਆ ਦਿਤਾ ਜਾਵੇ। ਭਾਰਤ ਵਿਚ ਇਕ ਪ੍ਰਤੀਸ਼ਤ ਘਰ ਅਜਿਹੇ ਨਹੀਂ ਹਨ ਜਿਥੇ ਬੱਚਿਆਂ ਲਈ ਵੱਖ ਰੂਮ ਹੋਣ।

ਦਿੱਲੀ ਦੇ ਸਕੂਲਾਂ ਵਿਚ ਇਕ ਬਹੁਤ ਵੱਡੇ ਮੈਡੀਕਲ ਸਰਵੇ ਤੋਂ ਪਤਾ ਲਗਾ ਹੈ ਕਿ ਘੰਟਿਆਂ ਬੱਧੀ ਟੀ ਵੀ ਅਤੇ ਵੀ ਸੀ ਆਰ ਦੇਖਣ ਨਾਲ ਲਗਪਗ ਇਕ ਚੌਥਾਈ ਬੱਚਿਆਂ ਦੀਆਂ ਅੱਖਾਂ ਕਮਜ਼ੋਰ ਹੋ ਚੁਕੀਆਂ ਹਨ। ਬਾਕੀ ਤਿੰਨ ਚੌਥਾਈ ਦੀਆਂ ਅੱਖਾਂ ਵੀ ਸ਼ਾਨਦਾਰ ੨੧ਵੀਂ ਸਦੀ ਤਕ ਪਹੁੰਚਦੇ ਪਹੁੰਚਦੇ ਰੌਸ਼ਨ ਹੋ ਜਾਣਗੀਆਂ।

ਸਾਹਿਤ ਅਕਾਦਮੀ ਦੇ ਇਕ ਸਰਵੇਖਣ ਅਨੁਸਾਰ ਹੁਣ ਕਿਤਾਬਾਂ ਪੜ੍ਹਨ ਦਾ ਮਾਮਲਾ ਠੱਪ ਹੀ ਹੋ ਗਿਆ ਹੈ। ਲੋਕਾਂ ਕੋਲ ਕਿਤਾਬਾਂ ਪੜ੍ਹਨ ਦਾ ਸਮਾਂ ਹੀ ਨਹੀਂ ਹੈ। ਜਿਹੜਾ ਸਮਾਂ ਕਦੇ ਪੜ੍ਹਨ ਦਾ ਸੀ ਉਹ ਹੁਣ ਟੀ ਵੀ ਤੇ ਫਿਲਮੀ ਪ੍ਰੋਗਰਾਮਾਂ ਦਾ ਹੈ। ਨਾ ਹੋਣਗੀਆਂ ਕਿਤਾਬਾਂ ਨਾ ਪੜ੍ਹਨਗੇ ਲੋਕ ਅਤੇ ਸੋਚਣਗੇ ਉਲਟੀਆਂ ਸਿਧੀਆਂ ਗੱਲਾਂ, ਨਾ ਰਹੇਗਾ ਬਾਂਸ ਨਾ ਬਜੇਗੀ ਬਾਂਸਰੀ।

ਹੁਣ ਆਮ ਮੇਲਜੋਲ ਵੀ ਠੱਪ ਹੋ ਚੁੱਕਾ ਹੈ। ਪਹਿਲਾਂ ਐਤਵਾਰ ਮੇਲ-ਮਿਲਾਪ ਦਾ ਦਿਨ ਹੁੰਦਾ ਸੀ ਹੁਣ ਮਹਾਂਭਾਰਤ ਦੇ ਸਮੇਂ ਜੇਕਰ ਕੋਈ ਦੋਸਤ ਕਿਸੇ ਦੋਸਤ ਦੀ ਭਾਲ ਵਿਚ ਆ ਜਾਵੇ ਤਾਂ ਉਸ ਨੂੰ ਕਿਸੇ ਅਜਿਹੇ ਬਦਨਸੀਬ ਦੀ ਭਾਲ ਵਿਚ ਜਾਣਾ ਪਵੇਗਾ ਜਿਸ ਦੇ ਘਰ ਜਾਂ ਤਾਂ ਟੀ ਵੀ ਹੈ ਹੀ ਨਹੀਂ ਜਾਂ ਖਰਾਬ ਪਿਆ ਹੈ। ਲੋਕ ਜੇਕਰ ਆਪਸ ਵਿਚ ਮਿਲ ਕੇ ਬੈਠਣਗੇ ਨਹੀਂ ਤਾਂ ਫਿਰ ਸਰਕਾਰ ਨੂੰ ਫ਼ਿਕਰ ਕਿਸ ਗੱਲ ਦਾ।

ਮੈਨੂੰ ਯਾਦ ਹੈ ਕਿ ੧੯੬੦ ਵਿਚ ਜਦੋਂ ਇੰਡੋਨੇਸ਼ੀਆ ਦੇ ਸਵਰਗੀ ਰਾਸ਼ਟਰਪਤੀ ਸੁਕਾਰਨੋ ਦਿੱਲੀ ਆਏ ਸਨ ਤੇ ਉਹਨਾਂ ਨੇ ਵਿਦਿਆਰਥੀ ਅੰਦੋਲਨ ਨਾਲ ਨਿਬੜਨ ਲਈ ਪੰਡਿਤ ਨਹਿਰੂ ਨੂੰ ਆਪਣਾ ਅਜ਼ਮਾਇਆ ਹੋਇਆ ਇਕ ਨੁਸਖਾ ਦਸਿਆ ਸੀ। ਉਹ ਇਹ ਸੀ ਕਿ ਸਿਨੇਮੇ ਦੇ ਟਿਕਟ ਅੱਧੇ ਕਰਵਾ ਦਿਓ ਅਤੇ ਸਸਤੀ ਬੀਅਰ ਦੇ ਬਾਰ ਕਾਲਜਾਂ ਦੇ ਆਸ ਪਾਸ ਖੋਲ੍ਹ ਦਿਓ। ਪੰਡਤ ਜੀ ਨੇ ਇਸ ਗੱਲ ਨੂੰ ਹਾਸੇ ਵਿਚ ਉਡਾ ਦਿੱਤਾ ਪਰ ਹੁਣ ਜਾਪਦਾ ਹੈ ਕਿ ਇਸ ਤਜਰਬੇ ਨੂੰ ਜ਼ਿਆਦਾ ਵੱਡੇ ਪੈਮਾਨੇ ਤੇ ਬਹੁਤ ਸੋਚੀ ਸਮਝੀ 'ਕੰਪਿਊਟਰਾਈਜ਼ਡ' ਯੋਜਨਾ ਅਨੁਸਾਰ ਅਪਣਾਇਆ ਜਾ ਰਿਹਾ ਹੈ।

ਇਸ ਦੇ ਨਤੀਜੇ ਸਾਹਮਣੇ ਆ ਚੁਕੇ ਹਨ। ਰਾਜਨੀਤੀ ਵਿਚ ਅਭਿਨੇਤਾ ਹੁਣ ਨੇਤਾ ਬਣਦਾ ਜਾ ਰਿਹਾ ਹੈ ਅਤੇ ਨੇਤਾ ਖਲਨਾਇਕ। ਯਕੀਨ ਨਾ ਆਵੇ ਤਾਂ ਤਾਮਿਲਨਾਡੂ ਦੀਆਂ ਚੋਣਾਂ ਸਬੰਧੀ ਫਿਲਮ ਦੇਖ ਲਵੋ। ਆਮ ਨੌਜਵਾਨ ਹਰ ਸਮੇਂ ਫਿਲਮ ਨਾਲ ਹੀ ਆਪਣੀ ਦਿਮਾਗੀ ਸਫਾਈ ਕਰਵਾ ਕੇ ਫਿਲਮੀ ਹੀਰੋ ਤਾਂ ਖ਼ੈਰ ਨਹੀਂ ਬਣ ਸਕੇ ਪਰ ਫਿਲਮ ਤਰੀਕੇ ਦੇ ਮਾਫੀਆ ਦੇ 'ਬੋਸ' ਅਤੇ ਫਿਲਮੀ 'ਡਾਨ' 'ਦਾਦਾ' ਨਟਵਰ ਲਾਲ ਅਤੇ ਅਪਰਾਧ ਦੇ ਵਪਾਰੀ ਜ਼ਰੂਰ ਬਣ ਰਹੇ ਹਨ। ਇਹ ਲੱਖਾਂ 'ਫਿਲਮੀ ਕਲਾਕਾਰ' ਅੱਜ ਕਲ੍ਹ ਰਾਜਨੀਤਕ ਗੁੰਡਿਆਂ ਦੇ ਰੂਪ ਵਿਚ ਗੁਲ ਖਿਲਾ ਰਹੇ ਹਨ। ਇਹ ਉਹ ਖਲਨਾਇਕ ਹਨ ਜਿਹੜੇ ਕਦੀ ਇਕ ਨਿਰਦੋਸ਼ ਪਰ ਰਾਸ਼ਟਰੀ ਨਾਟਕਕਾਰ ਸਫਦਰ ਹਾਸ਼ਮੀ ਦੇ ਕਾਤਲ ਬਣ ਜਾਂਦੇ ਹਨ, ਕਦੀ ਆਂਧਰਾ ਪ੍ਰਦੇਸ਼ ਵਿਚ ਦੰਗੇ ਕਰਦੇ ਹਨ, ਕਦੀ ਜੰਮੂ ਵਿਚ ਲੁਟਮਾਰ ਦਾ ਬਾਜ਼ਾਰ ਗਰਮ ਕਰਦੇ ਹਨ, ਕਦੀ (ਨਵੰਬਰ ੧੯੮੪ ਵਿਚ) ਦਿੱਲੀ ਵਿਚ ਹਜ਼ਾਰਾਂ ਬੇਗੁਨਾਹਾਂ ਦੇ ਖੂਨ ਨਾਲ ਹੋਲੀ ਖੇਡਦੇ ਹਨ, ਕਦੀ ਕਸ਼ਮੀਰ ਅਤੇ ਪੰਜਾਬ ਵਿਚ ਅੱਤਵਾਦੀਆਂ ਦਾ ਰੂਪ ਧਾਰਨ ਕਰਦੇ ਹਨ, ਕਦੀ ਬਿਹਾਰ ਵਿਚ ਦਲਿਤਾਂ ਦੀ ਹਤਿਆ ਕਰਦੇ ਹਨ ਅਤੇ ਕਦੀ ਰਾਹ ਜਾਂਦੇ ਜਾਂਦੇ ਕਿਸੇ ਬਜ਼ੁਰਗ ਔਰਤ ਦੇ ਘਰ ਵੜ ਕੇ ਉਸ ਦਾ ਗਲ ਘੁਟ ਕੇ ਸਭ ਕੁਝ ਲੁਟ ਲੈਂਦੇ ਹਨ। ਪਰ ਇਹਨਾਂ ਨੂੰ ਕੋਈ ਕੁਝ ਨਹੀਂ ਕਹਿ ਸਕਦਾ, ਕਿਉਂਕਿ ਉਹਨਾਂ ਦਾ ਕੋਈ ਨਾ ਕੋਈ 'ਬੌਸ' ਕਿਸੇ ਨਾ ਕਿਸੇ 'ਸੁਪਰੀਮ' ਨੇਤਾ ਦਾ ਚਮਚਾ ਜ਼ਰੂਰ ਹੁੰਦਾ ਹੈ। (ਅਜੀਤ 'ਚੋਂ ਧਨਵਾਦ ਸਹਿਤ)


Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਬੈਡਮਿੰਟਨ ਟੂਰਨਾਮੈਂਟ

ਦਿਲੀ:-ਤਾਲਕਟੋਰਾ ਬਾਗ ਵਿਚ ਬਣੇ ਇੰਡੋਰ ਸਟੇਡੀਅਮ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਉਤਰੀ ਭਾਰਤ ਦੇ ਚੋਟੀ ਦੇ ਖਿਡਾਰੀਆਂ ਦਾ ਟੂਰਨਾਮੈਂਟ ੨੮ ਤੋਂ ੩੧ ਜੁਲਾਈ ੧੯੯੯ ਤਕ ਖੇਡਿਆ ਗਿਆ। ਨਾਮਧਾਰੀ ਸਪੋਰਟਸ ਕਲੱਬ ਵਲੋਂ ਸਪਾਂਸਰ ਕੀਤੇ ਗਏ ਅਤੇ ਦਿਲੀ ਬੈਡਮਿੰਟਨ ਐਸੋਸ਼ੀਏਸ਼ਨ ਵਲੋਂ ਆਯੋਜਿਤ ਇਸ ਟੂਰਨਾਮੈਂਟ ਵਿਚ ਉਤਰੀ ਭਾਰਤ 'ਚ ਏ ਗਰੇਡ ਦੇ ਕੋਈ ੧੫੦ ਤੋਂ ਵਧ ਖਿਲਾੜੀ ਸ਼ਾਮਲ ਹੋਏ।

ਇਹਨਾਂ ਵਿਚੋਂ ਪ੍ਰਮੁਖ ਨਾਮ ਹਨ। ਲੜਕੀਆਂ ਵਿਚੋਂ ਮੰਜੂਸ਼ਾ, ਡਿਪਟੀ ਥਾਨੇਕਰ, ਫਿਰੋਜ਼ਾ ਬਾਟਲੀਵਾਲਾ, ਨੀਰੂ ਨਿਸ਼ਾਵਨ, ਅੰਜੂ ਨਾਇਰ ਅਤੇ ਅੰਜਲੀ ਪਰਵਾਰ। ਮਰਦਾਂ ਵਿਚੋਂ ਹਰਜੀਤ ਸਿੰਘ ਰੇਲਵੇਜ਼, ਇੰਦਰਜੀਤ ਮੁਖਰਜੀ, ਊਧੋ ਪਵਾਰ, ਰਵੀ ਕੁੱਤੇ, ਰਾਜੀਵ ਬੱਗਾ, ਸੰਜੇ ਸ਼ਰਮਾਂ, ਰਿਥਰੋ ਨੰਦੀ, ਪਾਰਥੋ ਗੰਗੋਲੀ, ਵਿਜੇ ਦੀਪ ਸਿੰਘ, ਚੰਦਰ ਦੀਪ ਸਿੰਘ, ਗੋਰਵ ਭਾਟੀਆ, ਐਸ ਬਰੂਆ ਅਤੇ ਸੰਜੇ ਸ਼ਰਮਾ ਆਦਿ।

੪ ਦਿਨ ਖੇਡੇ ਗਏ ਇਸ ਟੂਰਨਾਮੈਂਟ ਵਿਚ ਇਹਨਾਂ ਚੋਟੀ ਦੇ ਖਿਡਾਰੀਆਂ ਨੇ ਬੈਡਮਿੰਟਨ (ਚਿੜੀ ਛਿੱਕਾ) ਦੀ ਸਿਖਰ ਦੀ ਕਲਾਮਈ ਖੇਡ ਦਾ ਪ੍ਰਦਰਸ਼ਨ ਕੀਤਾ।

ਟੂਰਨਾਮੈਂਟ ਦਾ ਉਦਘਾਟਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਅਤੇ ਅੰਤਲੇ ਦਿਨ ਇਨਾਮਾਂ ਦੀ ਵੰਡ ਭਾਰਤ ਦੇ ਗ੍ਰਹਿ ਮੰਤਰੀ ਸ. ਬੂਟਾ ਸਿੰਘ ਨੇ ਕੀਤੀ। ਖੇਡ ਦੇ ਅੱਠ ਭਾਗਾਂ ਵਿਚ ਪਹਿਲੇ ਤੇ ਦੂਜ਼ਰੇ ਨੰਬਰ ਤੇ ਆਉ ਵਾਲੇ ਪ੍ਰਤਿਯੋਗੀਆਂ, ਟੀਮਾਂ ਦੇ ਨਾਮ ਇੰਜ ਹਨ।

**ਗਰਲਜ਼ ਸਿੰਗਲ :** ਪਹਿਲਾ ਸਥਾਨ ਫੀਰੋਜ਼ਾ ਬਾਟਲੀ ਵਾਲਾ ਮਹਾਰਾਸ਼ਟਰ ਦੂਸਰਾ ਅੰਜੂ ਨਾਇਰ ਮਹਾਰਾਸ਼ਟਰ।

**ਗਰਲਜ਼ ਡਬਲ :** ਪਹਿਲਾ ਸਥਾਨ ਪ੍ਰੀਤੀ ਨਾਵੇਲਕਰ ਅਤੇ ਫੀਰੋਜ਼ਾ ਬਾਟਲੀਵਾਲਾ (ਮਹਾਰਾਸ਼ਟਰ) ਦੂਜਾ ਸਥਾਨ ਐਸ. ਪਾਲੇਕਰ ਅਤੇ ਏ ਪਟਵਰਧਣ (ਦੋਵੇਂ ਟੀਮਾਂ ਮਹਾਰਾਸ਼ਟਰ)

**ਬੁਆਇਜ਼ ਸਿੰਗਲ :** ਵਿਜੇ ਦੀਪ ਸਿੰਘ ਪੰਜਾਬ (ਪ੍ਰਥਮ) ਰੋਹਨ ਰਾਓ (ਦੂਜਾ ਸਥਾਨ)

**ਬੁਆਇਜ਼ ਡੱਬਲ :** ਵਿਜੇ ਦੀਪ ਸਿੰਘ ਤੇ ਰਾਜੇਸ਼ ਚੌਧਰੀ ਪੰਜਾਬ (ਪ੍ਰਥਮ) ਸੰਦੀਪ ਤਿਵਾੜੀ ਤੇ ਪਾਸੰਗ ਲਾਮਾ ਦਿਲੀ ਦੂਜਾ ਸਥਾਨ।

**ਲੇਡੀਜ਼ ਸਿੰਗਲ :** ਦੀਪਤੀ ਥਾਨੇਕਰ (ਮਹਾਰਾਸ਼ਟਰ) ਪਹਿਲਾ ਸਥਾਨ, ਨੀਰੂ ਨਿਸ਼ਾਵਣ ਦਿਲੀ (ਦੂਸਰਾ)



ਸ: ਹ. ਸ. ਹੰਸਪਾਲ ਚੇਅਰਮੈਨ ਪ੍ਰਬੰਧਕ ਕਮੇਟੀ

**ਲੇਡੀਜ਼ ਡੱਬਲ :** ਮੰਜੂਲਾ ਪਵਨ ਗਾਡਕਰ ਤੇ ਦੀਪਤੀ ਥਾਨੇਕਰ (ਮਹਾਰਾਸ਼ਟਰ) (ਪਹਿਲਾ): ਸੁਸ਼ਮਾ ਖਾਂਡੇਕਰ ਅਤੇ ਜਯੋਤੀ ਸਾਂਗੀਹ ਮਹਾਰਾਸ਼ਟਰ (ਦੂਜਾ)

**ਮੈਨ ਸਿੰਗਲ :** ਹਰਜੀਤ ਸਿੰਘ ਰੇਲਵੇ (ਪਹਿਲਾ) ਇੰਦਰ ਜੀਤ ਮੁਖਰਜੀ ਪਛਮੀ ਬੰਗਾਲ (ਦੂਜਾ)

**ਮੈਨ ਡਬਲ :** ਉਧੋ ਪਵਾਰ ਤੇ ਰਵੀ ਕੁੱਤੇ (ਪਹਿਲੇ) ਰਾਜੀਵ ਬੱਗਾ ਤੇ ਸੰਜੇ ਸ਼ਰਮਾਂ (ਦੂਜੇ)।

ਇਸ ਟੂਰਨਾਮੈਂਟ ਦਾ ਇਕ ਹੋਰ ਪਹਿਲੂ ਵੀ ਹੈ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਿਦਿਆਰਥੀਆਂ ਨੇ ਅਪਨੇ ਗੀਤਾਂ ਨਾਲ ਸਮਾਂ ਬੰਨ੍ਹੀ ਰਖਿਆ। ਗਰੁਪ ਗੀਤਾਂ ਨੂੰ ਸਲਾਹਿਆ ਗਿਆ। ਸਰਸਾ ਦੇ ਨਾਮਧਾਰੀ ਸਕੂਲ ਦੇ ਵਿਦਿਆਰਥੀ ਵੀ ਭਾਰੀ ਗਿਣਤੀ ਵਿਚ ਪੁਜੇ ਸਨ ਜਿਨ੍ਹਾਂ ਨੂੰ ਬਾਦ ਵਿਚ ਦਿਲੀ ਦਰਸ਼ਨ ਵੀ ਕਰਾਇਆ ਗਿਆ

ਪਰਬੰਧਕ ਕਮੇਟੀ ਦੇ ਚੇਅਰਮੈਨ ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਸਨ ਅਤੇ ਕਨਵੀਨਰ ਸ. ਬਲਵੰਤ ਸਿੰਘ ਵੱਖ ਕਮੇਟੀਆਂ, ਜਿਵੇਂ ਟੂਰਨਾਮੈਂਟ ਕਮੇਟੀ, ਸਵਾਗਤ ਕਮੇਟੀ, ਸੰਚਾਲਨ ਕਮੇਟੀ, ਰਿਹਾਇਸ਼ ਕਮੇਟੀ, ਪਰਚਾਰ ਕਮੇਟੀ ਵਿਚ ਪਰਮੁਖ ਵਿਅਕਤੀ ਸ਼ਾਮਲ ਸਨ। ਇਸ ਮੌਕੇ ਤੇ ਇਕ ਸੋਵੀਨਰ ਵੀ ਪ੍ਰਕਾਸ਼ਤ ਕੀਤਾ ਗਿਆ। ਦੂਰਦਰਸ਼ਨ ਦੇ ਨੈਸ਼ਨਲ ਨੈਟਵਰਕ ਰਾਹੀਂ ਇਹ ਟੂਰਨਾਮੈਂਟ ਦੇ ਦਿਨ ਸਿਧਾ ਪ੍ਰਸਾਰਿਤ ਕੀਤਾ ਗਿਆ।

ਸ. ਹੰਸਪਾਲ ਨੇ ਟੂਰਨਾਮੈਂਟ ਦੀ ਸਫਲਤਾ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧਨਵਾਦ ਕੀਤਾ ਉਹਨਾਂ ਖਿਡਾਰੀਆਂ ਅਤੇ ਦਰਸ਼ਕਾਂ ਦੇ ਸਹਿਯੋਗ ਦਾ ਵੀ ਧਨਵਾਦ ਕੀਤਾ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਪਰਚਾਰ ਕੇਂਦਰ ਜਲੰਧਰ ਵਲੋਂ ਬਰਸੀ ਸਮਾਗਮ

ਜਲੰਧਰ—ਪੰਜਾਬੀ ਪਰਚਾਰ ਕੇਂਦਰ (ਰਜਿ:) ਜਲੰਧਰ ਵਲੋਂ ਬੀਤੇ ਦਿਨ ਪੰਜਾਬੀ ਦੇ ਪ੍ਰਸਿਧ ਕਵੀ ਨਰਿੰਦਰ ਪ੍ਰਕਾਸ਼ ਖੇਦੀ ਦੀ ਦੂਸਰੀ ਬਰਸੀ ਅੰਬੇਡਕਰ ਮੈਮੋਰੀਅਲ ਮਾਡਲ ਸਕੂਲ ਵਿਖੇ ਕੀਤੀ ਗਈ । ਇਸ ਸਮਾਗਮ ਦੀ ਪ੍ਰਧਾਨਗੀ ਸਰਵ ਸ੍ਰੀ ਦਰਸ਼ਨ ਸਿੰਘ ਕੇ. ਪੀ. ਮਹਿੰਦਰ ਸਿੰਘ ਕੇ. ਪੀ., ਸਵਰਨ ਸਿੰਘ, ਸ੍ਰੀ ਚਾਨਣ ਲਾਲ ਮਾਣਕ, ਗੋਬਿੰਦ ਰਾਮ ਦੁਖੀਆ ਅਤੇ ਬਾਬਾ ਖਜ਼ਾਨ ਸਿੰਘ ਨੇ ਕੀਤੀ ।

ਸਭ ਤੋਂ ਪਹਿਲਾਂ ਖੇਦੀ ਜੀ ਦੀ ਜੀਵਨੀ ਅਤੇ ਉਹਨਾਂ ਦੀ ਸਾਹਿਤ ਸੇਵਾ ਉਤੇ ਮਾਣਕ ਜੀ ਦਾ ਲਿਖਿਆ ਲੇਖ ਰਛਪਾਲ ਸਿੰਘ ਬੱਧਣ ਨੇ ਪੜ੍ਹਿਆ ।

ਫਿਰ ਕਵੀ ਦਰਬਾਰ ਦਾ ਦੌਰ ਸ਼ੁਰੂ ਹੋਇਆ ਜਿਸ ਵਿਚ ਸਰਵ ਸ੍ਰੀ ਜਗਜੀਤ ਸਿੰਘ ਚਮਨ, ਉਲਫਤ ਬਾਜਵਾ, ਅਮਰ ਸਿੰਘ ਜੋਸ਼, ਜਗਜੀਤ ਸਿੰਘ ਮਾਨ, ਪ੍ਰੀਤਮ ਸਿੰਘ ਪ੍ਰੀਤਮ, ਰਾਏ ਚੰਦ ਰਾਏ, ਹੰਸ ਆਬਾਦਪੁਰੀ, ਜਗਤਾਰ ਸਿੰਘ ਦੁਖੀ, ਸਤਪਾਲ ਸਾਹਲੋਂ, ਆਰਿਫ ਗੋਬਿੰਦਪੁਰੀ, ਵੈਦ ਕੇਹਰ ਸਿੰਘ ਮੋਤੀ, ਤੀਰਥ ਸਿੰਘ ਤੀਰਥ, ਸੀ. ਐਲ. ਚੁੰਬਰ ਅਤੇ ਪ੍ਰੋ: ਕਟਾਰੀਆ ਆਦਿ ਸ਼ਾਇਰਾਂ ਨੇ ਭਾਗ ਲਿਆ। ਹਰੇਕ ਕਵੀ ਨੂੰ ਭਰਵੀਂ ਦਾਦ ਮਿਲੀ ।

ਫਿਰ ਮਹਿੰਦਰ ਸਿੰਘ ਕੇ. ਪੀ. ਸਾਬਕਾ ਐਮ. ਐਲ. ਏ. ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀ ਬੋਲੀ ਦੀ ਤਨੋ ਮਨੋ ਸੇਵਾ ਕਰਨੀ ਚਾਹੀਦੀ ਹੈ ।

ਦਰਸ਼ਨ ਸਿੰਘ ਕੇ. ਪੀ. ਨੇ ਇਸ ਸਮੇਂ ਸੰਬੋਧਨ ਕਰਦਿਆਂ ਕਿਹਾ ਕਿ ਕਵੀ ਸਭ ਤੋਂ ਵਡੇ ਆਗੂ ਹੁੰਦੇ ਹਨ । ਇਸ ਲਈ ਕਵੀਆਂ ਦਾ ਪੂਰਾ ਆਦਰ ਸਤਿਕਾਰ ਹੋਣਾ ਚਾਹੀਦਾ ਹੈ ।

ਸ: ਬਿਅੰਤ ਸਿੰਘ ਸਰਹੱਦੀ ਨੇ ਇਸ ਸਮੇਂ ਬੋਲਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ੫੨ ਕਵੀਆਂ ਦੀ ਗੱਲ ਤੋਰੀ ਅਤੇ ਕਿਹਾ ਕਿ ਕਵੀ ਸਾਰੀਆਂ ਕੌਮਾਂ ਦੇ ਸਾਂਝੇ ਹੁੰਦੇ ਹਨ ।

ਸ਼: ਸਵਰਨ ਸਿੰਘ ਨੇ ਕਿਹਾ ਕਿ ਅਗਲੇ ਸਾਲ ਕਵੀ ਖੇਦੀ ਦੀ ਬਰਸੀ ਵਡੇ ਪਧਰ ਉਤੇ ਮਨਾਈ ਜਾਏਗੀ ਅਤੇ ਉਹਨਾਂ ਦੀ ਪੁਸਤਕ ਵੀ ਛਾਪੀ ਜਾਏਗੀ ।

ਸਰਦਾਰੀ ਲਾਲ ਨੇ ਵਿਚਾਰ ਰਖਦਿਆਂ ਕਿਹਾ ਕਿ ਕਵੀ ਦਰਬਾਰ ਸੁਣ ਕੇ ਮੈਨੂੰ ਬਹੁਤ ਚੰਗੇ ਵਿਚਾਰ ਮਿਲੇ ਹਨ । ਕਵੀਆਂ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ ।

ਇਸ ਸਮਾਗਮ ਵਿਚ ਨਰਿੰਦਰ ਪ੍ਰਕਾਸ਼ ਖੇਦੀ ਦੇ ਤਿੰਨ ਭਰਾਵਾਂ ਸ੍ਰੀ ਗੋਬਿੰਦ ਰਾਮ ਦੁਖੀਆ ਨੂੰ ਦਰਸ਼ਨ ਸਿੰਘ ਕੇ. ਪੀ., ਨਰਸੀ ਰਾਮ ਨੂੰ ਚਾਨਣ ਲਾਲ ਮਾਣਕ ਅਤੇ ਭੋਮ ਰਾਜ ਨੂੰ ਮਹਿੰਦਰ ਸਿੰਘ ਕੇ. ਪੀ. ਨੇ ਪੰਜਾਬੀ ਪਰਚਾਰ ਕੇਂਦਰ ਜਲੰਧਰ ਵਲੋਂ ਸਨਮਾਨਤ ਕੀਤਾ ।

ਇਸ ਸਮਾਗਮ ਵਿਚ ਅਦਬੀ ਦਰਬਾਰ ਜਲੰਧਰ, ਸਿਮਰਨ ਸਾਹਿਤ ਕੇਂਦਰ, ਅਦਬੀ ਸੰਗਤ ਫਗਵਾੜਾ ਅਤੇ ਲੋਕ ਲਿਖਾਰੀ ਸਭਾ ਨੇ ਵੀ ਭਾਗ ਲਿਆ ।

ਸਮਾਗਮ ਵਿਚ ਸਰਵ ਸ੍ਰੀ ਏ. ਐਸ. ਆਜ਼ਾਦ, ਗੁਰਮੁਖ ਸਿੰਘ, ਬਿਸ਼ੰਬਰ ਦਾਸ, ਕ੍ਰਿਪਾਲ ਸਿੰਘ, ਕੰਵਲ ਕਪੂਰ, ਸਤਨਾਮ ਸਿੰਘ ਅਤੇ ਇਲਾਕਾ ਵਾਸੀਆਂ ਨੇ ਭਰਪੂਰ ਸ਼ਿਰਕਤ ਕੀਤੀ ।

ਰਛਪਾਲ ਸਿੰਘ ਬੱਧਣ
ਜਨਰਲ ਸਕਤਰ

# ਲੇਖਕਾਂ ਦੀ ਡਾਇਰੈਕਟਰੀ

ਪਟਿਆਲਾ—ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ: ਰਾਜਿੰਦਰ ਸਿੰਘ ਨੇ ਸੂਚਨਾ ਦਿਤੀ ਹੈ ਕਿ ਉਹਨਾਂ ਦੇ ਵਿਭਾਗ ਦੁਆਰਾ ਲੇਖਕ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ । ਇਸ ਵਿਚ ਪੰਜਾਬੀ ਭਾਸ਼ਾ ਦੇ ਉਹਨਾਂ ਸਾਰੇ ਲੇਖਕਾਂ ਦੀ ਐਂਟਰੀ ਸ਼ਾਮਲ ਕੀਤੀ ਜਾਵੇਗੀ ਜਿਹਨਾਂ ਦੀ ਘਟੋ ਘਟ ਇਕ ਮੌਲਿਕ, ਸੰਪਾਦਿਤ, ਸੰਕਲਿਤ, ਅਨੁਵਾਦਿਤ, ਲਿਪੀਅੰਤਰਿਤ, ਰੂਪਾਂਤਰਿਤ ਪੁਸਤਕ ਪ੍ਰਕਾਸ਼ਿਤ ਹੋਈ ਹੋਈ ਹੋਵੇ । ਹੋਰ ਭਾਸ਼ਾਵਾਂ ਦੇ ਕੇਵਲ ਉਹਨਾਂ ਲੇਖਕਾਂ ਦੀਆਂ ਐਂਟਰੀਆਂ ਸ਼ਾਮਲ ਕੀਤੀਆਂ ਜਾਣਗੀਆਂ ਜਿਹੜੇ ਉਸ ਖਿਤੇ ਦੇ ਜੰਮਪਲ ਜਾਂ ਅਧਿਵਾਸੀ ਹਨ ਜਿਸ ਨੂੰ ੧੯੪੭ ਵਿਚ ਪੰਜਾਬ ਕਿਹਾ ਜਾਂਦਾ ਸੀ । ਗਿਆਨ/ਵਿਗਿਆਨ ਦੇ ਖੇਤਰਾਂ ਦੇ ਲੇਖਕਾਂ ਦੇ ਵੇਰਵੇ ਵੀ ਡਾਇਰੈਕਟਰੀ ਵਿਚ ਸ਼ਾਮਲ ਕੀਤੇ ਜਾਣਗੇ । ਸਵਰਗਵਾਸ ਹੋ ਚੁਕੇ ਲੇਖਕ ਵੀ ਇਸ ਡਾਇਰੈਕਟਰੀ ਦਾ ਹਿਸਾ ਹੋਣਗੇ । ਲੇਖਕ ਦੀ ਐਂਟਰੀ ਵਿਚ ਉਸ ਦਾ ਪੂਰਾ ਨਾਂ, ਤਖਲਸ, ਜਨਮ ਮਿਤੀ, ਜਨਮ ਸਥਾਨ, ਕੁਲ ਪ੍ਰੰਪਰਾ, ਪਿਤਾ ਦਾ ਨਾਂ, ਮਾਤਾ ਦਾ ਨਾਂ, ਪਤੀ ਜਾਂ ਪਤਨੀ ਦਾ ਨਾਂ, ਸਿਖਿਆ, ਕਿੱਤਾ, ਪੁਰਸਕਾਰ, ਇਨਾਮ ਤੇ ਸਨਮਾਨ, ਪ੍ਰਕਾਸ਼ਨਾਵਾਂ (ਪ੍ਰਕਾਸ਼ਨ ਸਾਲ ਸਹਿਤ) ਹੋਰਨਾਂ ਵਿਸ਼ਿਆਂ ਉਤੇ ਕੀਤਾ ਕੰਮ, ਕਬੂਲਿਆ ਪ੍ਰਭਾਵ, ਸਾਹਿਤਿਕ ਝੁਕਾਅ, ਮੁਕੰਮਲ ਪਤਾ, ਫੋਨ ਨੰ: ਅਤੇ ਇਸ ਦੇ ਨਾਲ ਹੀ ਲੇਖਕ ਦੀ ਤਸਵੀਰ ਵੀ ਦਿਤੀ ਜਾਵੇਗੀ । ਕੁਝ ਲੇਖਕਾਂ ਵਲੋਂ ਪਹਿਲਾਂ ਵੀ ਵੇਰਵੇ ਭੇਜੇ ਗਏ ਹਨ ਜਿਹੜੇ ਨਵੇਂ ਫਾਰਮੈਟ ਅਨੁਸਾਰ ਅਧੂਰੇ ਹਨ। ਇਹਨਾਂ ਵੇਰਵਿਆਂ ਨੂੰ ਨਵੇਂ ਸਿਰਿਓਂ ਅਪ-ਟੂ-ਡੇਟ ਕੀਤਾ ਜਾਣਾ ਜ਼ਰੂਰੀ ਹੈ । ਇਸ ਸਬੰਧ ਵਿਚ ਨਵੇਂ ਪ੍ਰੋਫਾਰਮੇਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਤੋਂ ਮੰਗਵਾਏ ਜਾ ਸਕਦੇ ਹਨ ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਲੇਖਕ ਸਭਾ ਜਲੰਧਰ ਦੀ ਚੋਣ

ਜਲੰਧਰ, ੨੦ ਅਗਸਤ ਐਤਵਾਰ ਨੂੰ ਜਲੰਧਰ ਦੀ ਪੁਰਾਣੀ ਸਾਹਿਤਕ ਸੰਸਥਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੋਢੀ, ਪੰਜਾਬੀ ਲੇਖਕ ਸਭਾ ਦੀ ਦੋ ਸਾਲਾਂ ਵਾਸਤੇ ਚੋਣ ਗੁਰੂ ਨਾਨਕ ਦੇਵ ਜ਼ਿਲਾ ਲਾਇਬਰੇਰੀ ਜਲੰਧਰ ਵਿਖੇ ਸਭਾ ਦੇ ਸਾਬਕਾ ਪ੍ਰਧਾਨ ਪ੍ਰੋ: ਪਿਆਰਾ ਸਿੰਘ ਭੋਗਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅਗਲੇ ਦੋ ਸਾਲਾਂ ਵਾਸਤੇ ਸਰਬ ਸੰਮਤੀ ਨਾਲ ਇਹ ਅਹੁਦੇਦਾਰ ਚੁਣੇ ਗਏ :

ਪ੍ਰਧਾਨ ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ। ਤਿੰਨ ਮੀਤ ਪ੍ਰਧਾਨ ਪ੍ਰੋ: ਨਰਜੀਤ ਸਿੰਘ ਖਹਿਰਾ, ਸ: ਕੁਲਦੀਪ ਸਿੰਘ ਬੇਦੀ ਅਤੇ ਪ੍ਰੋ: ਮਨਜੀਤ ਸਿੰਘ, ਦੋ ਜਨਰਲ ਸਕੱਤਰ, ਸ: ਨਰਿੰਜਨ ਸਿੰਘ ਸਾਥੀ ਅਤੇ ਸ: ਗੁਰਬਖਸ਼ ਸਿੰਘ ਬੰਨੋਆਣਾ। ਤਿੰਨ ਸਕੱਤਰ ਸ੍ਰੀ ਚਮਨ ਲਾਲ ਲੱਕੀ, ਰਛਪਾਲ ਸਿੰਘ ਬੱਧਣ ਅਤੇ ਪ੍ਰੋ: ਸੁਰਿੰਦਰ ਕੁਸਾਰ ਬੰਗੜ।

ਇਸ ਸਭਾ ਦੇ ਇਸ ਵਕਤ ੧੩੮ ਮੈਂਬਰ ਹਨ। ਚੋਣ ਤੋਂ ਪਹਿਲਾਂ ਪ੍ਰੋ: ਪਿਆਰਾ ਸਿੰਘ ਭੋਗਲ ਨੇ ਸਭਾ ਦੀ ਪਿਛਲੇ ਸਾਲਾਂ ਦੀ ਰਿਪੋਰਟ ਅਤੇ ਆਮਦਨ ਖਰਚ ਦਾ ਚਿੱਠਾ ਪੇਸ਼ ਕੀਤਾ ਜੋ ਸਰਬ ਸੰਮਤੀ ਨਾਲ ਪਰਵਾਨ ਹੋਇਆ।

ਸ: ਜਗਦੀਸ਼ ਸਿੰਘ ਵਰਿਆਮ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸਭ ਦਾ ਧਨਵਾਦ ਕੀਤਾ ਅਤੇ ਉਹਨਾਂ ਵਿਦਵਾਨਾਂ ਲੇਖਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਤਾਂ ਕਿ ਸਭਾ ਦੀ ਸਰਬ ਸਾਂਝੀ ਦਿਖ ਕਾਇਮ ਰਹੇ ਤੇ ਪੰਜਾਬੀ ਦੇ ਵਿਕਾਸ ਲਈ ਜਤਨ ਹੋ ਸਕਣ।

ਰਛਪਾਲ ਸਿੰਘ ਬੱਧਣ

# ੧੪ਵਾਂ ਵਾਰਸ਼ਿਕ ਸੰਗੀਤ ਸਮੇਲਨ

ਸੰਗੀਤ ਕਲਾ ਮੰਚ ਜਲੰਧਰ ਦਾ ੧੪ਵਾਂ ਵਾਰਸ਼ਿਕ ਸੰਗੀਤ ਸੰਮੇਲਨ ੭ ਜਨਵਰੀ ੧੯੯੦ ਨੂੰ ੧-੩੦ ਤੋਂ ੪-੩੦ ਵਜੇ ਸ਼ਾਨ ਤਕ ਲਾਇਨਜ਼ ਕਲਬ, ਲਾਜਪਤ ਨਗਰ ਜਲੰਧਰ ਦੇ ਹਾਲ ਵਿਖੇ ਹੋਵੇਗਾ। ਇਸ ਵਿਚ ਕਈ ਉਘੇ ਸੰਗੀਤਕਾਰ ਭਾਗ ਲੈਣਗੇ। ਇਸ ਵਰ੍ਹੇ ਦਾ ਇਹ ਸੰਗੀਤ ਸਮਾਗਮ ਸੁਪ੍ਰਸਿਧ ਗੁਲੂਕਾਰ ਪਦਮਸ੍ਰੀ ਮੁਹੰਮਦ ਰਫੀ ਨੂੰ ਸਮ੍ਰਪਿਤ ਹੈ। ਇਹ ਸੂਚਨਾ ਮੰਚ ਦੇ ਸਕਤਰ ਡਾਂ: ਜੋਗਿੰਦਰ ਬਾਵਰਾ ਨੇ ਦਿਤੀ।

# ਵਰਿਆਮ ਨੂੰ ਸਹਿਯੋਗ

**—ਸ. ਰਮਨੀਕ ਸਿੰਘ, ਸ. ਦਵਿੰਦਰ ਸਿੰਘ ਦਿਲੀ** ਟੈਲੀਵੀਯਨ ਸੈਂਟਰ ਕਰੋਲ ਬਾਗ ਦਿਲੀ ਵਾਲਿਆ ਦੇ ਨਵੇਂ ਫਾਰਮ ਹਾਉਸ ਦਾ ਨੀਂਹ ਪਥੱਰ ੨੬ ਅਗਸਤ ੧੯੮੯ ਨੂੰ ਰਖਿਆ ਗਿਆ। ਇਸ ਖੁਸ਼ੀ ਵਿਚ ਵਰਿਆਮ ਨੂੰ ੫੦/- ਰੂ. ਸਹਿਯੋਗ ਭੇਜਿਆ ਗਿਆ।

**—ਸ. ਗੁਰਬਖਸ਼ ਸਿੰਘ ਜਾਜਨ ਵਾਲੀਏ, ਮਾਨਸਰੋਵਰ ਗਾਰਡਨ ਦਿਲੀ** ਵਾਲਿਆਂ ਨੇ ੧੫ ਜੁਲਾਈ ਨੂੰ ਵਰਨੀ ਕਰਾਈ। ਇਸ ਅਵਸਰ ਤੇ ਵਰਿਆਮ ਨੂੰ ੨੫/- ਸਹਾਇਤਾ ਸੰਤ ਸਤਿਨਾਮ ਸਿੰਘ ਰਾਹੀਂ ਭੇਜੀ ਗਈ।

**—ਬੀਬੀ ਵੀਰੋ ਦਾ ਵਰ੍ਹੀਨਾ :** ਸੰਤ ਗੁਰਚਰਨ ਸਿੰਘ ਗੀਗੇ ਵਾਲੀ 1.C-19, ਨਾਮਧਾਰੀ ਕਾਲੋਨੀ ਨਵੀਂ ਦਿਲੀ-੧੫ ਵਾਲਿਆਂ ੧੩ ਅਗਸਤ ੧੯੮੯ ਨੂੰ ਅਪਣੀ ਸਵਰਗੀ ਸੁਪਤਨੀ ਬੀਬੀ ਵੀਰੋ ਦੇ ਵਰ੍ਹੀਣੇ ਸਮੇਂ ੨੫/- ਰੂ. ਵਰਿਆਮ ਵਾਸਤੇ ਸੰਤ ਸਤਿਨਾਮ ਸਿੰਘ ਰਾਹੀਂ ਭੇਜੇ ਹਨ। ਇਸ ਸਮੇਂ ਸਤਿਜੁਗ ਅਖਬਾਰ ਅਤੇ ਸ਼ਹੀਦ ਬਿਸਨ ਸਿੰਘ ਮੈਮੋਰੀਅਲ ਸਕੂਲ ਨੂੰ ਵੀ ਸਹਾਇਤਾ ਭੇਟ ਕੀਤੀ ਗਈ।

**—ਮਾਤਾ ਤੇਜ ਕੌਰ ਦੀ ਚੌਧਵੀਂ ਬਰਸੀ :** ਜਥੇਦਾਰ ਸੇਵਾ ਸਿੰਘ ਜੀ ਮਲੇਹ ਵਾਲੇ ਰਮੇਸ਼ ਨਗਰ ਨਵੀਂ ਦਿਲੀ ਵਾਲਿਆਂ ਦੇ ਮਾਤਾ ਸ੍ਰੀਮਤੀ ਤੇਜ ਕੌਰ ਜੀ ੩੧ ਅਗਸਤ ੧੯੭੫ ਨੂੰ ਸੁਰਗਵਾਸ ਹੋਏ ਸਨ। ਉਹਨਾਂ ਦੀ ਚੌਧਵੀਂ ਬਰਸੀ ਦੇ ਅਵਸਰ ਤੇ ਜਥੇਦਾਰ ਜੀ ਨੇ ਮਾਤਾ ਜੀ ਦੀ ਨਿਘੀ ਯਾਦ ਵਿਚ ਵਰਿਆਮ ਨੂੰ ੧੦੦/- ਰੁ: ਭੇਜੇ ਹਨ।

**ਸ. ਅਤਰ ਸਿੰਘ ਬੈਂਕੌਕ :** ਥਾਈਲੈਂਡ ਵਾਲਿਆਂ ਦੀ ਧਰਮਪਤਨੀ ਨਮਿਤ ਰਮੇਸ਼ ਨਗਰ, ਨਾਮਧਾਰੀ ਧਰਮਸਾਲਾ ਵਿਚ ਪਾਠ ਦਾ ਭੋਗ ਪਾਇਆ ਗਿਆ। ਇਸ ਅਵਸਰ ਤੇ ੧੦੦/- ਵਰਿਆਮ ਨੂੰ ਭੇਜੇ ਗਏ।

**—ਸ. ਕਰਤਾਰ ਸਿੰਘ, ਪ੍ਰਾਗਰੈਸ ਪ੍ਰੈਸ ਬਾਲੀ ਨਗਰ ਦਿਲੀ** ਵਾਲਿਆਂ ਵਰਿਆਮ ਵਾਸਤੇ ੧੦੦/- ਰੁ: ਡਾਕਟਰ ਅਮਰ ਭਾਰਤੀ ਜੀ ਰਾਹੀਂ ਭੇਜਿਆ ਹੈ।

---

# ਵਰਿਆਮ ਦੇ ਨਵੇਂ ਫੋਨ ਨੰਬਰ

ਦਫਤਰ : 57456, 57547 ] P. P.

ਘਰ : 56289

---



Sri Satguru Jagjit Singh Ji eLibrary NamdhariElibrary@gmail.com

# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Off:ce : 529033
Phones Factory : 501973
Resi. : 536093

# BALWANT SINGH & SONS

Office : 4E/1[illegible] JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**Phones :** Office : 2528411
" : 510345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM SEPTEMBER 1989
Registered with the Registrar of News Papers for India No. 26453/75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

*ALREADY INTRODUCED :*

**Glucose, Roshni, Twinke, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegrams : POONAM


ਐਡਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.



Sri Satguru Jagjit Singh Ji eLibrary NamdhariElibrary@gmail.com